# ਅਧਿਆਇ 13

# ਨੇਮ ਨੂੰ ਲਾਗੂ ਕਰਵਾਉਣਾ

ਨਹਮਯਾਹ ਦੇ ਆਖ਼ਰੀ ਅਧਿਆਇ ਤੋਂ ਇਕ ਆਖ਼ਰੀ ਗੱਲ ਮਿਲਦੀ ਹੈ ਕਿ ਕੰਧ ਦੀ ਚੱਠ ਤੋਂ ਇਕਦਮ ਬਾਅਦ ਕੀ ਹੋਇਆ। ਇਸ ਤੋਂ ਇਲਾਵਾ, ਕਿਤਾਬ ਵਿਚ ਹਾਕਮ ਦੇ ਤੌਰ ਤੇ ਨਹਮਯਾਹ ਦੇ ਦੂਜੀ ਵਾਰ ਯਰੂਸ਼ਲਮ ਨੂੰ ਵਾਪਸ ਆਉਣ ਤੇ ਉਸ ਵੱਲੋਂ ਕੀਤੇ ਗਏ ਸੁਧਾਰਾਂ ਦਾ ਵੇਰਵਾ ਵੀ ਹੈ।

## ਬਾਹਰੀ ਲੋਕਾਂ ਨੂੰ ਇਸਰਾਏਲੀਆਂ ਵਿੱਚੋਂ ਕੱਢਿਆ ਗਿਆ (13:1-3)

**[1]ਉਸ ਦਿਨ ਮੂਸਾ ਦੀ ਪੋਥੀ ਲੋਕਾਂ ਨੂੰ ਪੜ੍ਹ ਕੇ ਸੁਣਾਈ ਗਈ ਅਤੇ ਉਸ ਵਿਚ ਇਹ ਲਿਖਿਆ ਹੋਇਆ ਲੱਭਾ ਕਿ ਅੰਮੋਨੀ ਅਤੇ ਮੋਆਬੀ ਪਰਮੇਸ਼ੁਰ ਦੀ ਸਭਾ ਵਿਚ ਸਦਾ ਲਈ ਨਾ ਆਉਣ [2]ਇਸ ਲਈ ਕਿ ਓਹ ਰੋਟੀ ਅਤੇ ਪਾਣੀ ਲੈ ਕੇ ਇਸਰਾਏਲੀਆਂ ਦੇ ਸਵਾਗਤ ਲਈ ਨਾ ਨਿੱਕਲੇ ਸਗੋਂ ਬਿਲਆਮ ਨੂੰ ਉਨ੍ਹਾਂ ਦੇ ਵਿਰੁੱਧ ਭਾੜੇ ਉੱਤੇ ਲਿਆ ਕਿ ਉਹ ਉਨ੍ਹਾਂ ਸਰਾਪ ਦੇਵੇ ਪਰ ਸਾਡੇ ਪਰਮੇਸ਼ੁਰ ਨੇ ਉਸ ਸਰਾਪ ਨੂੰ ਅਸੀਸ ਵਿਚ ਬਦਲ ਦਿੱਤਾ [3]ਐਉਂ ਹੋਇਆ ਕਿ ਜਦੋਂ ਉਨ੍ਹਾਂ ਨੇ ਬਿਵਸਥਾ ਨੂੰ ਸੁਣਿਆ ਤਾਂ ਉਨ੍ਹਾਂ ਨੇ ਇਸਰਾਏਲ ਵਿੱਚੋਂ ਸਾਰੀ ਮਿਲੀ ਜੁਲੀ ਭੀੜ ਨੂੰ ਅੱਡ ਅੱਡ ਕਰ ਦਿੱਤਾ।**

''ਉਸ ਦਿਨ'' ਖ਼ੁਦਾ ਦੇ ਵਚਨ ਨੂੰ ਪੜ੍ਹੇ ਜਾਣ ਕਰਕੇ ਯਹੂਦੀਆਂ ਨੇ ਆਪਣੇ ਆਪ ਨੂੰ ਵਿਦੇਸ਼ੀਆਂ ਨਾਲੋਂ ਅੱਡ ਕਰ ਲਿਆ।

**ਆਇਤਾਂ 1-3. ਮੂਸਾ ਦੀ ਪੋਥੀ**, ਜੋ ਸੰਭਵ ਤੌਰ ਤੇ ਤੁਰੇਤ ਨੂੰ ਕਿਹਾ ਗਿਆ ਹੈ, **ਲੋਕਾਂ ਨੂੰ ਪੜ੍ਹ ਕੇ ਸੁਣਾਈ ਗਈ**। ਖ਼ਾਸ ਨਿਯਮ ਜਿਸ ਦੀ ਗੱਲ ਕੀਤੀ ਗਈ ਹੈ ਕਿ **ਅੰਮੋਨੀ ਅਤੇ ਮੋਆਬੀ ਪਰਮੇਸ਼ੁਰ ਦੀ ਸਭਾ ਵਿਚ ਸਦਾ ਲਈ ਨਾ ਆਉਣ** (13:1) ਬਿਵਸਥਾ ਸਾਰ 23:3–6 ਤੋਂ ਲਿਆ ਗਿਆ ਹੈ।

ਜਦ ਲੋਕਾਂ ਨੇ **ਬਿਵਸਥਾ ਨੂੰ ਸੁਣਿਆ ਤਾਂ ਉਨ੍ਹਾਂ ਨੇ ਇਸਰਾਏਲ ਵਿੱਚੋਂ ਸਾਰੀ ਮਿਲੀ ਜੁਲੀ ਭੀੜ ਨੂੰ ਅੱਡ ਅੱਡ ਕਰ ਦਿੱਤਾ** (13:3)। ਇਬਰਾਨੀ ਲਿਖਤ ਵਿਚ, ''ਮਿਲੀ ਜੁਲੀ ਭੀੜ'' (*'ereb*, *ਏਰੇਬ*) ਲਈ ਸ਼ਬਦ ਕੂਚ 12:38 ਵਿਚ ਵੀ ਮਿਲਦਾ ਹੈ। NASB ਵਿਚ 13:3 ਵਿਹ ਸ਼ਬਦ ''ਵਿਦੇਸ਼ੀ'' ਹੈ। ਇਸ ਤੱਥ ਦੇ ਸਬੰਧ ਵਿਚ ਕਿ ''ਸਾਰੇ ਵਿਦੇਸ਼ੀ'' ਕੱਢ ਦਿੱਤੇ ਗਏ। ਏ. ਈ. ਕੰਡਾਲ ਨੇ ਟਿੱਪਣੀ ਕੀਤੀ ਹੈ, ''ਅਦੋਮੀਆਂ ਅਤੇ ਮਿਸਰੀਆਂ ਨਾਲ ਹੋਰ ਉਦਾਰ ਸਲੂਕ ਦੀ ਗੁੰਜਾਇਸ਼ ਸੀ [ਬਿਵਸਥਾ ਸਾਰ 23:7, 8], ਪਰ ਅਸੀਰੀ ਤੋਂ ਬਾਅਦ ਦੇ ਹਾਲਾਤ ਸ਼ਰ੍ਹਾ ਨੂੰ ਹੋਰ ਸਖ਼ਤੀ ਨਾਲ ਲਾਗੂ ਕਰਨ ਦੀ ਮੰਗ ਕਰਦੇ ਹੋਏ ਲਗਦੇ ਹਨ।''[1]

ਇਸ ਕੱਢੇ ਜਾਣ ਦਾ ਕਾਰਣ ਦੱਸਿਆ ਗਿਆ ਹੈ: ਕੂਚ ਦੇ ਸਮੇਂ ਤੋਂ ਬਾਅਦ ਅੰਮੋਨੀਆਂ ਅਤੇ ਮੋਆਬੀਆਂ ਨੇ ਇਸਰਾਏਲੀਆਂ ਨਾਲ ਆਪਣੇ ਨਵੇਂ ਦੇਸ਼ ਵੱਲ ਨੂੰ ਜਾਂਦਿਆਂ ਮਹਿਮਾਨ–ਨਵਾਜ਼ੀ ਨਹੀਂ ਵਿਖਾਈ (ਉਨ੍ਹਾਂ ਦਾ **ਰੋਟੀ ਅਤੇ ਪਾਣੀ ਲੈ ਕੇ** ਸਵਾਗਤ ਨਹੀਂ ਕੀਤਾ) ਸੀ। ਇਸਦੇ ਉਲਟ ਮੋਆਬੀਆਂ ਨੇ **ਬਿਲਆਮ** ਨਬੀ ਨੂੰ **ਭਾੜੇ ਉੱਤੇ ਲਿਆ ਕਿ ਉਨ੍ਹਾਂ ਨੂੰ ਸਰਾਪ ਦੇਵੇ** (ਵੇਖੋ ਗਿਣਤੀ 22–24)। ਭਾਵੇਂ ਉਸ ਮੌਕੇ ਤੇ **ਪਰਮੇਸ਼ੁਰ ਨੇ ਉਸ ਸਰਾਪ ਨੂੰ ਅਸੀਸ ਵਿਚ ਬਦਲ ਦਿੱਤਾ** ਸੀ (13:2; ਵੇਖੋ ਗਿਣਤੀ 24:10), ਬਾਅਦ ਵਿਚ ਬਿਲਆਮ ਨੇ ਇਸਰਾਏਲੀਆਂ ਨੂੰ ਪਾਪ ਵਿਚ ਫਸਾਉਣ ਲਈ ਵਿਦੇਸ਼ੀਆਂ

ਨਾਲ ਰਲਕੇ ਸਾਜ਼ਸ਼ ਰਚੀ ਸੀ (ਵੇਖੋ ਗਿਣਤੀ 31:15, 16)। ਇਸਰਾਏਲੀਆਂ ਨੂੰ ਉਨ੍ਹਾਂ ਨੂੰ ਪਾਪ ਵਿਚ ਲਿਜਾਣ ਵਾਲਿਆਂ ਉੱਤੇ ਹਮਲਾ ਕਰਨ ਦਾ ਹੁਕਮ ਦਿੱਤੇ ਜਾਣ ਤੇ ਬਿਲਆਮ ਨੂੰ ''ਤੇਗ ਨਾਲ ਵੱਢ ਸੁੱਟਿਆ'' ਗਿਆ ਸੀ (ਗਿਣਤੀ 31:1, 2, 8)। ਨਵੇਂ ਨੇਮ ਵਿਚ ਇਸ ਨਬੀ ਨੂੰ ਬਾਰ-ਬਾਰ ਨਿੰਦਿਆ ਗਿਆ ਹੈ (2 ਪਤਰਸ 2:15, 16; ਯਹੂਦਾਹ 11; ਪਰਕਾਸ਼ 2:14)।

ਦੋ ਸਵਾਲ ਬਾਕੀ ਹਨ। ਪਹਿਲਾ ਇਹ ਕਿ ਯਹੂਦੀਆਂ ਨੇ ''ਮਿਲੀ ਜੁਲੀ ਭੀੜ'' ਦੇ ਸਾਰੇ ਵਿਦੇਸ਼ੀਆਂ ਨੂੰ ਅੱਡ ਕਦੋਂ ਕੀਤਾ? ਲਿਖਤ ਦੱਸਦੀ ਹੈ ਕਿ **ਉਸ ਦਿਨ**। ਇਹ ਸ਼ਬਦ ''ਤਦ'' ਦੇ ਅਰਥ ਵਾਲੀ ਆਮ ਵਿਆਖਿਆ ਹੋ ਸਕਦੇ ਹਨ (NAB; NJB; NJPSV)।[2] ਇਹਦਾ ਮਤਲਬ ਇਹ ਹੋਇਆ ਕਿ ਸ਼ਰ੍ਹਾ ਦਾ ਪੜ੍ਹਿਆ ਜਾਣਾ ਕਿਸੇ ਵੀ ਸਮੇਂ ਹੋਇਆ ਹੋ ਸਕਦਾ ਹੈ। ਜੇਕਬ ਐੱਮ. ਮਾਇਰਸ ਨੇ ਲਿਖਿਆ ਹੈ, ''ਮੂਸਾ ਦੀ ਤੁਰੇਤ ਵਿੱਚੋਂ ਪੜ੍ਹਿਆ ਜਾਣਾ ਕਿਸੇ ਨਾ ਕਿਸੇ ਮਕਸਦ ਲਈ ਸੱਦੀਆਂ ਗਈਆਂ ਸਭਾਵਾਂ ਵਿਚ ਬਰਾਦਰੀ ਦੇ ਤਿਉਹਾਰਾਂ ਤੇ ਹੁੰਦਾ ਹੋਵੇਗਾ [ਵੇਖੋ 8:1-8, 13, 14, 18]।''[3]

ਕੁਝ ਲੋਕ 13:1-3 ਨੂੰ ਅਧਿਆਇ ਵਿਚ ਅੱਗੇ ਚਰਚਾ ਕੀਤੇ ਗਏ ਸੁਧਾਰਾਂ ਦੀ ਜਾਣ-ਪਛਾਣ ਦੇ ਰੂਪ ਵਿਚ, ਖ਼ਾਸ ਤੌਰ ਤੇ 13:7-9 ਵਿਚ ਹੈਕਲ ਵਿੱਚੋਂ ਟੋਬੀਯਾਹ ਅੰਮੋਨੀ ਦੇ ਕੱਢੇ ਜਾਣ ਦੇ ਰੂਪ ਵਿਚ ਵੇਖਦੇ ਹਨ। ਉਹ ਸ਼ਰ੍ਹਾ ਦੇ ਪੜ੍ਹੇ ਜਾਣ ਨੂੰ ਸ਼ੂਸਨ ਤੋਂ ਨਹਮਯਾਹ ਦੀ ਵਾਪਸੀ ਨਾਲ ਜੋੜਦੇ ਹਨ, ਜਿਹਦੀ ਗੱਲ 13:6, 7 ਵਿਚ ਕੀਤੀ ਗਈ ਹੈ। ਉਦਾਹਰਣ ਲਈ, ਪੌਲ ਈ. ਸਟਿਵਰਟ ਨੇ ਕਿਹਾ ਹੈ ਕਿ ਭਾਵੇਂ 13:1-3 ਦੇ ਸ਼ੁਰੂਆਤੀ ਸ਼ਬਦ 12:44 ਵਾਲੇ ਸਮੇਂ ਦੀ ਹੀ ਗੱਲ ਕਰਦੇ ਹੋਏ ਲਗਦੇ ਹਨ, ''ਵਧੇਰੇ ਸਪੱਸ਼ਟ ਸਬੰਧ ਅਗਲੀ ਘਟਨਾ ਨਾਲ ਹੈ, ਭਾਵ ਨਹਮਯਾਹ ਅਤੇ ਟੋਬੀਯਾਹ ਅੰਮੋਨੀ ਵਿਚਲਾ ਝਗੜਾ (13:4-9; ਤੁਲਨਾ 2:19)।''[4]

ਹੋਰ ਲੋਕ ਇਸ ਨੂੰ ਕੰਧ ਦੀ ਚੱਠ ਦੇ ਇਕਦਮ ਬਾਅਦ ਜਾਂ ਉਸ ਦੇ ਨਾਲ ਮੇਲ ਖਾਂਦੇ ਸਮੇਂ ਦੀ ਗੱਲ ਕਰਦਿਆਂ ਵਖਦੇ ਹਾਂ। ਸ਼ਾਇਦ ਸ਼ਰਾ ਚੱਠ ਦੇ ਸਮਾਰੋਹ ਦੇ ਹਿੱਸੇ ਦੇ ਰੂਪ ਵਿਚ ਵੱਡੀ ਭੀੜ ਨੂੰ ''ਪੜ੍ਹਕੇ ਬੁਣਾਈ ਗਈ।'' ਜੇ ਇਹ ਗੱਲ ਹੈ ਤਾਂ ਲੋਕਾਂ ਨੇ ਬਣੀ ਕੱਧ ਦੀ ਚੱਠ ਵੇਲੇ ਪੜ੍ਹੇ ਜਾਣ ਕਰਕੇ ਆਪਣੇ ਆਪ ਨੂੰ ਵਿਦੇਸ਼ੀਆਂ ਤੋਂ ਅੱਡ ਕੀਤਾ। ਵਿਦੇਸ਼ੀਆਂ ਤੋਂ ਇਸ ਅੱਡ ਕੀਤੇ ਜਾਣ ਨਾਲ ਨਹਮਯਾਹ ਲਈ ਯਹੂਦੀਆਂ ਵੱਲੋਂ ਪਹਿਲਾਂ ਕੀਤੇ ਗਏ ਫ਼ਰਕ ਕਰਕੇ ਬਾਅਦ ਦੇ ਸੁਧਾਰਾਂ ਲਈ ਰਾਹ ਤਿਆਰ ਹੋ ਗਿਆ, ਜਦ ਉਨ੍ਹਾਂ ਨੇ ''ਸਾਰੇ ਵਿਦੇਸ਼ੀਆਂ ਨੂੰ ਕੱਢ ਦਿੱਤਾ'' ਸੀ। ਨਹਮਯਾਹ ਦੀ ਗੈਰ ਮੌਜੂਦਗੀ ਦੌਰਾਨ ਜੋ ਕੁਝ ਹੋਇਆ। ਨਹਮਯਾਹ ਭਾਵੇਂ ਚਲਿਆ ਗਿਆ ਸੀ ਪਰ ਟੋਬੀਯਾਹ ਹੈਕਲ ਵਿਚ ਰਹਿਣ ਲਗ ਪਿਆ ਸੀ ਅਤੇ ਕੁਝ ਲੋਕਾਂ ਨੇ ਵਿਦੇਸ਼ੀ ਤੀਵੀਂਆਂ ਨਾਲ ਵਿਆਹ ਕਰ ਲਏ ਸਨ।

ਦੂਜਾ ਸਵਾਲ ਇਹ ਹੈ ਕਿ ਜਦ ਯਹੂਦੀਆਂ ਨੇ ''ਇਸਰਾਏਲ ਵਿੱਚੋਂ ਸਾਰੀ ਮਿਲੀ ਜੁਲੀ ਭੀੜ ਨੂੰ ਅੱਡ ਕਰ ਦਿੱਤਾ'' ਤਾਂ ਉਨ੍ਹਾਂ ਨੇ ਅਸਲ ਵਿਚ ਕੀ ਕੀਤਾ। ਇਸ ਦੇ ਮੂਲ ਸੰਦਰਭ ਵਿਚ ਮੋਆਬ ਅਤੇ ਅੰਮੋਨ ਦੇ ਖ਼ਿਲਾਫ਼ ਹੁਕਮ ਇਸਰਾਏਲੀਆਂ ਨੂੰ ਬੁੱਤਪ੍ਰਸਤ ਲੋਕਾਂ ਨਾਲ ਉਲਝਣ ਭਰੇ ਸਮਝੌਤੇ ਕਰਨ ਤੋਂ ਰੋਕਣ ਲਈ ਦਿੱਤਾ ਗਿਆ ਸੀ ਜਿਹੜੇ ਉਨ੍ਹਾਂ ਦੇ ਦੁਸ਼ਮਣਾਂ ਦੇ ਤੌਰ ਤੇ ਕੰਮ ਕਰਦੇ ਸਨ। ਇਹ ਕਿਸੇ ਵੀ ਕੌਮ ਦੇ ਲੋਕਾਂ ਨੂੰ ਉਨ੍ਹਾਂ ਵੱਲੋਂ ਆਪਣੇ ਦੇਵੀ ਦੇਵਤਿਆਂ ਨੂੰ ਨਕਾਰਨ ਅਤੇ ਯਹੋਵਾਹ ਅਤੇ ਉਸ ਦੀ ਸ਼ਰ੍ਹਾ ਨੂੰ ਮੰਨਣ ਲਈ ਤਿਆਰ ਹੋਣ ਤੇ ਪਾਬੰਦੀ ਲਾਉਣ ਲਈ ਨਹੀਂ ਦਿੱਤਾ ਗਿਆ ਸੀ। ਮੋਆਬਣ ਰੂਥ ਦਾ ਖ਼ੁਦਾ ਦੇ ਪਰਿਵਾਰ ਵਿਚ ਸਵਾਗਤ ਕੀਤਾ ਗਿਆ ਅਤੇ ਉਹ ਰਾਜਾ ਦਾਊਦ ਦੀ ਵਢੇਰੀ ਬਣੀ।

ਡੇਰੇਕ ਕਿਡਨਰ ਨੇ ਇੱਥੇ ਦਿੱਤੀ ਗਈ ਵਿਵਸਥਾ 23 ਵਾਲੀ ਪਾਬੰਦੀ ਦਾ ਵਰਣਨ ਜਾਣ ਬੁਝ ਕੇ ''ਸਭ ਤੋਂ ਸ਼ਕਤੀਸ਼ਾਲੀ ਪ੍ਰਭਾਵ ਦੇਣ ਲਈ ਸਖ਼ਤ ਅਤੇ ਪੱਕਾ'' ਦੱਸਿਆ। ਫਿਰ ਉਸ ਨੇ ਕਿਹਾ ਕਿ ''ਅੰਮੋਨੀ ਜਾਂ ਮੋਆਬੀ ਨੂੰ ਸਥਾਨਕ ਵਾਸੀ ਹੋਣ ਦੇ ਨਾਤੇ ਇਸਰਾਏਲ ਦੇ ਲਗਾਤਾਰ ਦੁਸ਼ਮਣ ਅਤੇ ਖ਼ਰਾਬੀ ਪਾਉਣ ਵਾਲੇ ਦੇ ਰੂਪ ਵਿਚ ਵੇਖਿਆ ਗਿਆ।'' ਇਸ ਦੇ ਉਲਟ ''ਬਦਲ ਜਾਣ ਵਾਲੇ, ਮੋਆਬਣ ਰੂਥ ਵਰਗੇ'' ਲੋਕਾਂ ਨੂੰ ''ਬਹੁਤ ਫ਼ਰਕ ਸਵਾਗਤ'' ਮਿਲਣਾ ਸੀ।[5]

ਉਸ ਨਿਯਮ ਦੇ ਲਾਗੂ ਹੋਣ ਵਿਚ ਇਹ ਨਹੀਂ ਸੀ ਕਿ ਯਹੂਦੀ ਲੋਕ ਵਿਦੇਸ਼ੀਆਂ ਨੂੰ ਆਪਣੇ ਦੇਸ਼ ਵਿੱਚੋਂ ਕੱਢ ਹੀ ਦੇਣ, ਬਲਕਿ ਇਹ ਸੀ ਕਿ ਉਹ ਆਪਣੇ ਆਪ ਨੂੰ ਵਿਦੇਸ਼ੀਆਂ ਤੋਂ ਜਿਹੜੇ ਯਹੂਦੀ ਮਤ ਵਿਚ ਨਹੀਂ ਆਏ ਸਨ ਧਾਰਮਿਕ ਗਤੀਵਿਧੀਆਂ ਤੋਂ ਅੱਡ ਰੱਖਣ। ਅਜਿਹੇ ਲੋਕਾਂ ਨੂੰ ਉਨ੍ਹਾਂ ਦੇ ਪਰਬਾਂ, ਸਭਾਵਾਂ ਜਾਂ ਕੁਰਬਾਨੀਆਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਸੀ; ਉਨ੍ਹਾਂ ਨੂੰ ਹੈਕਲ ਦੇ ਅਹਾਤੇ ਤੋਂ ਮਨਾਹੀ ਸੀ।[6]

ਇਹ ਮਹੱਤਵਪੂਰਣ ਹੋ ਸਕਦਾ ਹੈ ਕਿ ਇਹ ਹਵਾਲਾ ਵਿਦੇਸ਼ੀਆਂ ਦੇ ''ਇਸਰਾਏਲ'' ਭਾਵ ਖ਼ੁਦਾ ਦੇ ਲੋਕਾਂ ਤੋਂ ਅੱਡ ਰੱਖੇ ਜਾਣ ਦੀ ਗੱਲ ਕਰਦਾ ਹੈ ਨਾ ਕਿ ''ਯਹੂਦਾਹ'' ਤੋਂ ਭਾਵ ਉਸ ਦੇਸ਼ ਤੋਂ ਜਿੱਥੇ ਉਹ ਲੋਕ ਰਹਿੰਦੇ ਸਨ। ਅਸਲ ਵਿਚ ਜਦ ਕੋਈ ਵਿਦੇਸ਼ੀ ਬਦਲ ਜਾਂਦਾ, ਤਾਂ ਉਹ ਇਸਰਾਏਲ ਦਾ ਹਿੱਸਾ ਬਣ ਜਾਂਦਾ/ਜਾਂ ਜਾਂਦੀ ਅਤੇ ਉਹ ਪਹਿਲਾਂ ਵਾਲਾ ਨਹੀਂ ਰਹਿੰਦਾ, ਉਦਾਹਰਣ ਲਈ ਮੋਆਬੀ ਜਾਂ ਅੰਮੋਨੀ, ਬਲਕਿ ਇਸਰਾਏਲੀ ਬਣ ਜਾਂਦਾ ਸੀ।

## ਨਹਮਯਾਹ ਦੇ ਸੁਧਾਰ (13:4-29)

ਦੂਜੀ ਵਾਰ ਯਹੂਦਾਹ ਦੇ ਹਾਕਮ ਦੇ ਤੌਰ ਤੇ ਨਹਮਯਾਹ ਦੀ ਵਾਪਸੀ ਤੋਂ ਪਹਿਲਾਂ, ਯਹੂਦੀ ਲੋਕ ਖ਼ੁਦਾ ਦੇ ਨੇਮ ਨੂੰ ਮੰਨਣ ਦੇ ਆਪਣੇ ਵਾਅਦੇ ਤੋਂ ਬੇਈਮਾਨ ਹੋ ਗਏ। ਉਨ੍ਹਾਂ ਦੇ ਪਾਪ ਦੇ ਕਾਰਣ ਕਈ ਸੁਧਾਰ ਕਰਨੇ ਪਏ ਜਿਹੜੇ ਨਹਮਯਾਹ ਦੀ ਵਾਪਸੀ ਵੇਲੇ ਸ਼ੁਰੂ ਹੋਏ।

ਨਹਮਯਾਹ ''ਅਰਤਹਸ਼ਸ਼ਤਾ ਦੇ ਬੱਤੀਵੇਂ ਵਰ੍ਹੇ ਵਿਚ'' ਜਾਂ ਲਗਭਗ 433 ਈ.ਪੂ. ਨੂੰ ਫ਼ਾਰਸ ਵਿਚ ਚਲਿਆ ਗਿਆ (13:6)। ਬਾਈਬਲ ਇਹ ਨਹੀਂ ਦੱਸਦੀ ਕਿ ਉਹ ਕਿੰਨੀ ਦੇਰ ਤਕ ਦੂਰ ਰਿਹਾ; ਉਹ ਇਕ ਸਾਲ ਤੋਂ ਘੱਟ ਸਮੇਂ ਲਈ ਜਾਂ ਕਈ ਸਾਲਾਂ ਲਈ ਗਿਆ ਹੋ ਸਕਦਾ ਹੈ। ਯਹੂਦਾਹ ਵਿਚ ਨਹਮਯਾਹ ਦੀ ਵਾਪਸੀ ਨੂੰ ਆਮ ਤੌਰ ਤੇ 432 ਈ.ਪੂ. ਦੇ ਨੇੜੇ ਤੇੜੇ ਦੱਸਿਆ ਜਾਂਦਾ ਹੈ। ਪਰ ਜੇ ਉਹ ਬਾਬਲ (ਜਾਂ ਸ਼ੂਸ਼ਨ ਵਿਚ, ਇਹ ਇਸ ਤੇ ਨਿਰਭਰ ਕਰਦਾ ਹੈ ਕਿ ਰਾਜਾ ਕਿੱਥੇ ਰਹਿ ਰਿਹਾ ਸੀ) ਬਹੁਤੀ ਦੇਰ ਰਿਹਾ, ਤਾਂ ਉਹ 429 ਜਾਂ 428 ਈ.ਪੂ. ਤਕ ਜਾਂ ਇਸ ਦੇ ਬਾਅਦ ਤਕ ਯਰੂਸ਼ਲਮ ਨਹੀਂ ਮੁੜਿਆ ਹੋਵੇਗਾ। ਅਰਤਹਸ਼ਸ਼ਤਾ ਨੇ 423 ਈ.ਪੂ. ਤਕ ਫ਼ਾਰਸ ਦੇ ਰਾਜੇ ਦੇ ਤੌਰ ਤੇ ਹਕੂਮਤ ਕੀਤੀ। ਬਹੁਤੀ ਦੇਰ ਰਹਿਣ ਅਤੇ ਯਹੂਦਾਹ ਵਿਚ ਦੇਰ ਨਾਲ ਆਉਣ ਦੇ ਹੱਕ ਵਿਚ ਇਹ ਤੱਥ ਹੈ ਕਿ ਇਸ ਅਧਿਆਇ ਵਿਚ ਦੱਸੇ ਗਏ ਰਲੇ ਮਿਲੇ ਵਿਆਹਾਂ ਕਰਕੇ ਬੱਚੇ ਹੋਏ ਅਤੇ ਉਨ੍ਹਾਂ ਬੱਚਿਆਂ ਵਿੱਚੋਂ ਕੁਝ ਐਨੇ ਕੁ ਵੱਡੇ ਸਨ ਕਿ ਨਹਮਯਾਹ ਦੇ ਵਾਪਸ ਆਉਣ ਤੇ ਉਹ ਬੋਲ ਸਕਦੇ ਸਨ (13:23, 24)।

ਕਿਤਾਬ ਭਾਵੇਂ ਇਹ ਨਹੀਂ ਦੱਸਦੀ ਕਿ ਵਾਪਸ ਆਉਣ ਵੇਲੇ ਨਹਮਯਾਹ ਹਾਕਮ ਹੈ ਸੀ ਜਾਂ ਨਹੀਂ, ਪਰ ਹਰ ਸਬੂਤ ਇਹ ਸੰਕੇਤ ਦਿੰਦਾ ਹੈ ਕਿ ਉਹ ਹੈ ਸੀ। ਉਹ ਰਾਜੇ ਦੀ ਮੰਜ਼ੂਰੀ ਲੈ ਕੇ ਆਇਆ ਸੀ, ਉਸ ਨੇ ਇਵੇਂ ਕੰਮ ਕੀਤਾ ਜਿਵੇਂ ਫ਼ਾਰਸੀ ਰਾਜੇ ਦੇ ਇਖ਼ਤਿਆਰ ਨਾਲ ਕਰ ਰਿਹਾ ਹੋਵੇ ਅਤੇ ਉਸ ਕੋਲ ''ਜਵਾਨ'' ਹਨ ਜਿਨ੍ਹਾਂ ਨੂੰ ਉਹ ਆਪਣੇ (ਖ਼ੁਦਾ ਦੇ) ਹੁਕਮਾਂ ਨੂੰ ਲਾਗੂ ਕਰਵਾਉਣ ਲਈ ਸ਼ਹਿਰ ਦੇ ਫਾਟਕਾਂ ਤੇ ਲਾ ਸਕਦਾ ਸੀ (13:19)। ਕਿਤਾਬ ਦੇ ਪਹਿਲੇ ਹਿੱਸੇ ਅਤੇ ਇਸ ਅਧਿਆਇ ਵਿਚ ਯਹੂਦਾਹ ਵਿਚ ਉਸ ਦੀ ਭੂਮਿਕਾ ਵਿਚ ਕੋਈ ਸਾਫ਼ ਫ਼ਰਕ ਨਜ਼ਰ ਨਹੀਂ ਆਉਂਦਾ। ਜੇ ਉਹ ਕੰਧ ਦੇ ਬਣਾਏ ਜਾਣ ਦੀ ਨਿਗਰਾਨੀ ਕਰਨ ਵੇਲੇ ਹਾਕਮ ਸੀ ਤਾਂ ਉਹ ਹੈਕਲ ਵਿੱਚੋਂ ਟੋਬੀਯਾਹ ਨੂੰ ਕੱਢਣ ਵੇਲੇ ਵੀ ਹਾਕਮ ਸੀ।

ਨਹਮਯਾਹ ਜਦੋਂ ਦੂਜੀ ਵਾਰ ਹਾਕਮ ਦੇ ਰੂਪ ਵਿਚ ਵਾਪਸ ਆਇਆ, ਤਾਂ ਉਸ ਨੇ ਵੇਖਿਆ ਕਿ ਕੁਝ ਯਹੂਦੀ ਖ਼ੁਦਾ ਤੋਂ ਫਿਰ ਗਏ ਸਨ। ਯਰੂਸ਼ਲਮ ਵਿਚ ਆਪਣੇ ਪਹਿਲੇ ਠਹਿਰਾਅ ਦੌਰਾਨ ਸ਼ੁਰੂ ਕੀਤੀ ਉਹ ਸੁਧਾਰ ਲਹਿਰ ਹੁਣ ਵਧ ਨਹੀਂ ਰਹੀ ਸੀ ਅਤੇ ਜ਼ਹਿਰ ਤੌਰ ਤੇ ਲੋਕ ਆਪਣੀਆਂ ਸਹੁੰਆਂ ਨੂੰ ਭੁਲਾ ਬੈਠੇ ਸਨ ਜਿਹੜੀਆਂ ਉਨ੍ਹਾਂ ਨੇ ਖਾਧੀਆਂ ਸਨ (ਵੇਖੋ 10:28–31)। ਪ੍ਰਧਾਨ ਯਾਜਕ ਉੱਤੇ

ਟੋਬੀਯਾਹ ਦੇ ਕਾਇਲ ਕਰਨ ਵਾਲੇ ਅਸਰ ਨਾਲ ਹੈਕਲ ਦੀ ਬੇਅਦਬੀ ਹੋਈ ਸੀ (13:4, 5)। ਲੋਕ ਲੇਵੀਆਂ ਅਤੇ ਰਾਗੀਆਂ ਦੀ ਬਣਦੀ ਮਦਦ ਨਹੀਂ ਕਰ ਰਹੇ ਸਨ। ਜਿਸ ਕਰਕੇ ਹੈਕਲ ਦੀ ਬੰਦਗੀ ਵਿਚ ਗਿਰਾਵਟ ਆ ਗਈ (13:10)। ਸੱਬਤ ਦੇ ਮਨਾਏ ਜਾਣ ਨੂੰ ਕਾਰੋਬਾਰੀਆਂ ਵੱਲੋਂ ਨੁਕਸਾਨ ਪਹੁੰਚਾਇਆ ਜਾ ਰਿਹਾ ਸੀ, ਜਿਹੜੇ ਉਸ ਪਵਿੱਤਰ ਦਿਨ ਵਿਚ ਯਰੂਸ਼ਲਮ ਵਿਚ ਆਪਣਾ ਸਮਾਨ ਵੇਚਦੇ ਸਨ (13:15)। ਯਹੂਦੀਆਂ ਨੇ ਰਲੇ ਮਿਲੇ ਵਿਆਹ ਕਰ ਲਏ ਸਨ ਜੋ ਉਨ੍ਹਾਂ ਦੇ ਵਿਸ਼ਵਾਸ ਅਤੇ ਸੱਭਿਅਤਾ ਲਈ ਖ਼ਤਰਾ ਬਣ ਗਿਆ ਸੀ। (13:23, 24)।[7] ਨਹਮਯਾਹ ਜਦ ਪਹਿਲੀ ਵਾਰ ਆਇਆ ਸੀ ਤਾਂ ਉਸ ਨੇ ਕੰਧਾਂ ਢੱਠੀਆਂ ਵੇਖੀਆਂ ਸਨ (2:11–16); ਜਦ ਉਹ ਦੂਜੀ ਵਾਰ ਆਇਆ ਤਾਂ ਉਸ ਨੂੰ "ਬਰਾਦਰੀ ਢੱਠੀ" ਮਿਲੀ।[8] ਅਗਲੀਆਂ ਆਇਤਾਂ ਵਿਚ ਪਤਾ ਲਗਦਾ ਹੈ ਕਿ ਨਹਮਯਾਹ ਇਸ "ਢੱਠੀ ਬਰਾਦਰੀ" ਨਾਲ ਕਿਵੇਂ ਪੇਸ਼ ਆਇਆ।

### ਹੈਕਲ ਦੀ ਕੋਠੜੀ ਸਾਫ਼ ਕੀਤੀ ਗਈ (13:4-9)

**4ਇਸ ਤੋਂ ਪਹਿਲਾਂ ਅਲਯਾਸ਼ੀਬ ਜਾਜਕ ਨੇ ਜਿਹੜਾ ਟੋਬੀਯਾਹ ਦਾ ਨੇੜਦਾਰ ਸੀ ਅਤੇ ਸਾਡੇ
ਪਰਮੇਸ਼ੁਰ ਦੇ ਭਵਨ ਦੀਆਂ ਕੋਠੜੀਆਂ ਉੱਤੇ ਮੁਕੱਰਰ ਸੀ 5ਉਹ ਦੇ ਲਈ ਇਕ ਵੱਡੀ ਕੋਠੜੀ ਬਣਾਈ
ਜਿੱਥੇ ਅੱਗੇ ਨੂੰ ਉਨ੍ਹਾਂ ਨੇ ਮੈਦੇ ਦੀ ਭੇਟ ਅਰ ਲੁਬਾਨ ਅਰ ਭਾਂਡੇ ਅਰ ਅੰਨ ਨਵੀਂ ਮੈਂ ਅਤੇ ਤੇਲ ਦੇ
ਦਸਵੰਧ ਜੋ ਹੁਕਮ ਦੇ ਅਨੁਸਾਰ ਲੇਵੀਆਂ ਅਰ ਰਾਗੀਆਂ ਅਤੇ ਦਰਬਾਨਾਂ ਦੇ ਹਿੱਸੇ ਦੀਆਂ ਸਨ ਅਤੇ
ਜਾਜਕਾਂ ਦੇ ਚੁੱਕਣ ਦੀਆਂ ਭੇਟਾਂ ਰੱਖੀਆਂ 6ਇਸ ਸਾਰੇ ਦੇ ਹੁੰਦਿਆ ਮੈਂ ਯਰੂਸ਼ਲਮ ਵਿਚ ਨਹੀਂ ਸਾਂ
ਕਿਉਂਕਿ ਬਾਬਲ ਦੇ ਰਾਜਾ ਅਰਤਹਸ਼ਸ਼ਤਾ ਦੇ ਬਤੀਵੇਂ ਵਰ੍ਹੇ ਵਿਚ ਮੈਂ ਰਾਜਾ ਕੋਲ ਚਲਾ ਗਿਆ ਅਤੇ
ਥੋੜਿਆਂ ਦਿਨ੍ਹਾਂ ਪਿੱਛੋਂ ਮੈਂ ਰਾਜਾ ਕੋਲੋਂ ਛੁਟੀ ਲਈ ਪੁੱਛਿਆ 7ਤਾਂ ਮੈਂ ਯਰੂਸ਼ਲਮ ਨੂੰ ਆਇਆ ਅਤੇ
ਜਿਹੜੀ ਬੁਰਿਆਈ ਅਲਯਾਸ਼ੀਬ ਨੇ ਟੋਬੀਯਾਹ ਦੇ ਲਈ ਕੀਤੀ ਸੀ ਸਮਝਿਆ, ਕਿ ਉਸ ਨੇ ਪਰਮੇਸ਼ੁਰ
ਦੇ ਭਵਨ ਦੇ ਵੇਹੜਿਆਂ ਵਿਚ ਉਹ ਦੇ ਲਈ ਇਕ ਕੋਠੜੀ ਬਣਾਈ 8ਤਾਂ ਇਹ ਮੈਨੂੰ ਬਹੁਤ ਬੁਰਾ ਲੱਗਾ,
ਇਸ ਲਈ ਮੈਂ ਟੋਬੀਯਾਹ ਦਾ ਸਾਰਾ ਲੱਕਾ ਤੁੱਕਾ ਉਸ ਕੋਠੜੀ ਵਿੱਚੋਂ ਬਾਹਰ ਸੁਟਵਾ ਦਿੱਤਾ 9ਫੇਰ ਮੇਰੇ
ਆਖਣ ਨਾਲ ਓਹ ਕੋਠੜੀਆਂ ਸਾਫ਼ ਕੀਤੀਆਂ ਗਈਆਂ ਅਤੇ ਮੈਂ ਪਰਮੇਸ਼ੁਰ ਦੇ ਭਵਨ ਦੇ ਭਾਂਡੇ ਅਤੇ
ਮੈਦੇ ਦੀ ਭੇਟ ਅਤੇ ਲੁਬਾਨ ਨੂੰ ਮੁੜ ਓਥੇ ਰੱਖਿਆ।**

ਨਹਮਯਾਹ ਦੇ ਸੁਧਾਰਾਂ ਵਿੱਚੋਂ ਪਹਿਲਾ ਸੁਧਾਰ ਹੈਕਲ ਦੀ ਬੇਹੁਰਮਤੀ ਕੀਤੀ ਗਈ ਕੋਠੜੀ ਨੂੰ ਸਾਫ਼ ਕੀਤਾ ਜਾਣਾ ਸੀ।

**ਆਇਤਾਂ 4-6.** *ਮੁਸ਼ਕਿਲ* / **ਇਸ ਤੋਂ ਪਹਿਲਾਂ** ਅਭਿਵਿਅਕਤੀ ਦਾ ਅਰਥ ਕੁਝ ਇਉਂ ਲਗਦਾ ਹੈ ਜਿਵੇਂ "ਯਹੂਦੀਆਂ ਵੱਲੋਂ ਸਾਰੇ ਇਸਰਾਏਲ ਤੋਂ ਵਿਦੇਸ਼ੀਆਂ ਨੂੰ ਅੱਡ ਕੀਤੇ ਜਾਣ ਦੇ ਸਮੇਂ ਤੋਂ ਪਹਿਲਾਂ" ਹੋਵੇ (13:4)। ਪਰ ਨਹਮਯਾਹ ਨੇ ਅੱਗੇ ਲਿਖਿਆ, **ਇਸ ਸਾਰੇ ਦੇ ਹੁੰਦਿਆ ਮੈਂ ਯਰੂਸ਼ਲਮ ਵਿਚ ਨਹੀਂ ਸਾਂ** (13:6)। ਇਹ ਵਾਕ ਸੰਕੇਤ ਦਿੰਦਾ ਹੈ ਕਿ ਜਦ ਅਲਯਾਸ਼ੀਬ ਨੇ ਹੈਕਲ ਵਿਚ ਟੋਬੀਯਾਹ ਦੇ ਰਹਿਣ ਲਈ ਥਾਂ ਬਣਾਈ ਤਾਂ ਨਹਮਯਾਹ ਉੱਥੇ ਨਹੀਂ ਸੀ (13:5)। ਇਸ ਕਰਕੇ, "ਇਸ ਤੋਂ ਪਹਿਲਾਂ" ਦਾ ਅਰਥ "ਮੇਰੇ ਯਰੂਸ਼ਲਮ ਤੋਂ ਵਾਪਸ ਆਉਣ ਤੋਂ ਪਹਿਲਾਂ" ਸਮਝਣਾ ਸਭ ਤੋਂ ਸਹੀ ਹੈ।

**ਅਲਯਾਸ਼ੀਬ ਜਾਜਕ** ਦੀ ਪਛਾਣ ਇਕ ਸਵਾਲ ਖੜਾ ਕਰਦੀ ਹੈ। ਕਈ ਇਸ ਤੇ ਸ਼ੱਕ ਕਰਦੇ ਹਨ ਕਿ ਉਸ ਨੂੰ "ਅਲਯਾਸ਼ੀਬ ਸਰਦਾਰ ਜਾਜਕ" ਨਾਲ ਜਿਸ ਦਾ ਜ਼ਿਕਰ ਕਿਤਾਬ ਵਿਚ ਬਾਰ–ਬਾਰ ਆਇਆ ਹੈ, ਮਿਲਾਉਣਾ ਚਾਹੀਦਾ ਹੈ ਕਿ ਨਹੀਂ (3:1, 20; 12:10, 22; 13:28)। ਇਸ ਨਿਚੋੜ ਦਾ ਅਧਾਰ ਉਹ ਦੋ ਦਲੀਲਾਂ ਨੂੰ ਬਣਾਉਂਦੇ ਹਨ: (1) ਇਸ ਅਲਯਾਸ਼ੀਬ ਨੂੰ "*ਸਰਦਾਰ* ਯਾਜਕ" ਨਹੀਂ ਕਿਹਾ ਗਿਆ। (2) ਸਰਦਾਰ ਯਾਜਕ ਹੈਕਲ **ਦੀਆਂ ਕੋਠੜੀਆਂ ਉੱਤੇ ਮੁਕਰਰ** ਨਹੀਂ

ਹੋਣਾ ਸੀ। ਫਿਰ ਵੀ ਇਹ ਵਧੇਰੇ ਸੰਭਵ ਲਗਦਾ ਹੈ ਕਿ ਆਇਤ 4 ਵਾਲਾ ''ਅਲਯਾਸ਼ੀਬ'' ਅਸਲ ਵਿਚ ਪ੍ਰਧਾਨ ਯਾਜਕ ਹੀ ਸੀ। ''ਕੋਠੜੀਆਂ ਉੱਤੇ'' ਉਸ ਦੀ ਨਿਯੁਕਤੀ ਹਾਕਮ ਨਹਮਯਾਹ ਵੱਲੋਂ ਕੀਤੀ ਗਈ ਹੋ ਸਕਦੀ ਹੈ (ਵੇਖੋ 13:30)। ਜੇ ਅਜਿਹਾ ਹੈ ਤਾਂ ਇਹ ਉਸ ਦੀਆਂ ਕਈ ਜ਼ਿੰਮੇਵਾਰੀਆਂ ਵਿੱਚੋਂ ਸਿਰਫ਼ ਇਕ ਸੀ। ਜੇ ਇਹ ਸਹੀ ਹੈ, ਤਾਂ ਪ੍ਰਧਾਨ ਯਾਜਕ ਅਲਯਾਸ਼ੀਬ ਦੇ ਹਵਾਲੇ ਅਤੇ ਟੋਬੀਯਾਹ ਅਤੇ ਸਨਬੱਲਟ ਨਾਲ ਉਹਦੇ ਸਮਝੌਤੇ ਇਸ ਭਾਗ ਨੂੰ ਬਣਾਉਂਦੇ ਹਨ (12:4, 5, 28, 29)।

ਜਦ ਨਹਮਯਾਹ ਦੂਰ ਸੀ, ਤਾਂ ਅਲਯਾਸ਼ੀਬ ਨੇ ਟੋਬੀਯਾਹ **ਲਈ ਇਕ ਵੱਡੀ ਕੋਠੜੀ ਬਣਾਈ** (13:5)। ਇੱਥੇ ਅਤੇ ਅਗਲੀਆਂ ਆਇਤਾਂ ਵਿਚ ਜਿਨ੍ਹਾਂ ਸ਼ਬਦਾਂ (*lishkah*, *ਲਿਸ਼ਕਾ*, ਅਤੇ *nishkah*, *ਨਿਸ਼ਕਾ*) ਦਾ ਅਨੁਵਾਦ ''ਕੋਠੜੀ'' ਕੀਤਾ ਗਿਆ ਹੈ ''ਕਮਰਾ'' ਵੀ ਕੀਤਾ ਜਾ ਸਕਦਾ ਹੈ (NASB; KJV; ESV)।

**ਟੋਬੀਯਾਹ** (13:4) ਦੀ ਪਛਾਣ ਪਹਿਲਾਂ ''ਅੰਮੋਨੀ'' ਦੇ ਰੂਪ ਵਿਚ ਕਰਵਾਈ ਗਈ ਸੀ ਜਿਹੜਾ ਨਹਮਯਾਹ ਦਾ ਦੁਸ਼ਮਣ (2:10, 19) ਅਤੇ ਕੁਝ ਯਹੂਦੀ ਆਗੂਆਂ ਦਾ ਦੋਸਤ ਵੀ ਸੀ (6:17–19)। ਇਹ ਨਹੀਂ ਦੱਸਿਆ ਗਿਆ ਕਿ ਟੋਬੀਯਾਹ ਨੂੰ ਹੈਕਲ ਵਿਚ ਕਮਰੇ ਦੀ ਕੀ ਲੋੜ ਸੀ। ਸੰਭਵ ਹੈ ਕਿ ਉਹ ਅੰਮੋਨ ਵਿਚ ਰਹਿੰਦਾ ਸੀ ਅਤੇ ਉਸ ਨੂੰ ਕਾਰੋਬਾਰ ਦੇ ਸਿਲਸਿਲੇ ਵਿਚ ਯਰੂਸ਼ਲਮ ਵਿਚ ਰਹਿਣ ਦੌਰਾਨ ਆਰਜ਼ੀ ਤੌਰ ਤੇ ਹੈਕਲ ਵਿਚ ਕਮਰਾ ਚਾਹੀਦਾ ਸੀ। ਨਹਮਯਾਹ ਦੇ ਕੰਧ ਨੂੰ ਬਣਾਉਣ ਲਈ ਯਰੂਸ਼ਲਮ ਵਿਚ ਪਹਿਲੀ ਵਾਰ ਆਉਣ ਵੇਲੇ ਟੋਬੀਯਾਹ ਅਤੇ ਸਨਬੱਲਟ ਨੇ ਉਸ ਦਾ ਵਿਰੋਧ ਕੀਤਾ ਸੀ, ਇਸ ਕਰਕੇ ਯਹੂਦੀਆਂ ਦੇ ਇਨ੍ਹਾਂ ਦੁਸ਼ਮਣਾਂ ਨੂੰ ਜ਼ਰੂਰ ਯਹੂਦੀਆਂ ਦੇ ਅਰੱਖਿਅਤ ਹੋਣ ਦਾ ਫ਼ਾਇਦਾ ਮਿਲਣਾ ਸੀ। ਇਸ ਦਾ ਮਤਲਬ ਇਹ ਹੈ ਕਿ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਨਹਮਯਾਹ ਦੇ ਪੂਰਬ ਵੱਲ ਵਾਪਸ ਚਲੇ ਜਾਣ ਤੇ ਟੋਬੀਯਾਹ ਨੂੰ ਸ਼ਹਿਰ ਵਿਚ ਆਪਣੇ ਪਿਛਲੇ ਫ਼ਾਇਦੇਮੰਦ ਕੰਮ ਵਿਚ ਵਾਪਸ ਚਲੇ ਜਾਣ ਦਾ ਮੌਕਾ ਨਜ਼ਰ ਆਇਆ ਅਤੇ ਅਲਯਾਸ਼ੀਬ ਨੇ ਉਹਦੇ ਲਈ ਅਜਿਹਾ ਕਰਨਾ ਅਸਾਨ ਬਣਾਇਆ। ਅਜਿਹੇ ਨਿਵਾਸ ਨਾਲ ਯਹੂਦੀ ਸਮਾਜ ਵਿਚ ਉਸਦੀ ਤਾਕਤ ਅਤੇ ਪ੍ਰਭਾਵ ਵਧਿਆ ਹੋਵੇਗਾ।

ਇਹ ਨਹੀਂ ਦੱਸਿਆ ਗਿਆ ਕਿ ਟੋਬੀਯਾਹ ਅਤੇ ਅਲਯਾਸ਼ੀਬ ਵਿਚਕਾਰ ਕੀ ਰਿਸ਼ਤਾ ਸੀ। ਇਬਰਾਨੀ ਸ਼ਬਦ (*qarob*, *ਕਾਰੋਬ*) ਜਿਸ ਦਾ ਅਨੁਵਾਦ **ਦਾ ਨੇੜਦਾਰ** ਹੋਇਆ ਹੈ, ਦਾ ਮੂਲ ਅਰਥ ''ਨਜ਼ਦੀਕੀ'' ਜਾਂ ''ਨੇੜੇ ਦਾ'' ਹੈ। ਯਾਜਕ ਵਿਆਹ ਕਰਕੇ ਟੋਬੀਯਾਹ ਦਾ ''ਰਿਸ਼ਤੇਦਾਰ'' ਬਣਿਆ ਹੋਵੇਗਾ ਜਾਂ ਦੋਵੇਂ ਚੰਗੇ ਦੋਸਤ ਜਾਂ ਕਾਰੋਬਾਰ ਦੇ ਸਾਥੀ ਹੋਣਗੇ। ਵੱਡੀ ਗੱਲ ਇਹ ਸੀ ਕਿ ਟੋਬੀਯਾਹ ਨੂੰ ਹੈਕਲ ਵਿਚ ਰਹਿਣ ਦਾ ਕੋਈ ਹੱਕ ਨਹੀਂ ਸੀ ਅਤੇ ਅਲਯਾਸ਼ੀਬ ਨੂੰ ਉਹਦੇ ਲਈ ਉੱਥੇ ਥਾਂ ਨਹੀਂ ਬਣਾਉਣੀ ਚਾਹੀਦੀ ਸੀ। ਯਾਜਕ ਨੇ ਕੋਠੜੀ ਵਿੱਚੋਂ ਸਮਾਨ ਕੱਢ ਕੇ ਜਿਹੜਾ ਹੈਕਲ ਦੀਆਂ ਸੇਵਾਵਾਂ ਅਤੇ ਸੇਵਾਦਾਰਾਂ ਦੀ ਮਦਦ ਲਈ ਜ਼ਰੂਰੀ ਸੀ, ਟੋਬੀਯਾਹ ਲਈ ਥਾਂ ਬਣਾ ਕੇ ਹਾਲਾਤ ਵਿਗਾੜ ਦਿੱਤੇ ਸਨ। ਇਨ੍ਹਾਂ ਵਿਚ **ਅੰਨ, ਨਵੀਂ ਮੈ ਅਤੇ ਤੇਲ ਦੇ ਦਸਵੰਧ** ਦੇ ਨਾਲ ਨਾਲ **ਮੈਦੇ ਦੀ ਭੇਟ**, **ਲੋਬਾਨ** ਅਤੇ **ਭਾਂਡੇ** ਸ਼ਾਮਿਲ ਸਨ (13:5)। ਲੋਕਾਂ ਨੇ ਦਸਵੰਧ ਦੇਣੇ ਬੰਦ ਕਰ ਦਿੱਤੇ ਸਨ (13:10–12), ਇਸ ਕਰਕੇ ਟੋਬੀਯਾਹ ਵਾਸਤੇ ਥਾਂ ਬਣਾਉਣ ਲਈ ਕੋਠੜੀ ਵਿੱਚੋਂ ਬਹੁਤਾ ਸਮਾਨ ਨਹੀਂ ਕੱਢਣਾ ਪਿਆ ਹੋਵੇਗਾ।

ਨਹਮਯਾਹ ਨੇ ਉੱਤਮ ਪੁਰਖ ਵਿਚ ਗੱਲ ਕਰਦਿਆਂ[9] ਦੱਸਿਆ ਕਿ ਇਹ ਉਦੋਂ ਹੋਇਆ ਜਦੋਂ ਉਹ ਦੇਸ਼ ਵਿੱਚੋਂ ਬਾਹਰ ਸੀ। ਇਹਦਾ ਮਤਲਬ ਇਹ ਹੋਇਆ ਕਿ ਜੇ ਉਹ ਉੱਥੇ ਹੁੰਦਾ, ਤਾਂ ਉਸ ਨੇ ਹੈਕਲ ਦੀ ਇਹ ਬੇਹੁਰਮਤੀ ਕਦੇ ਨਹੀਂ ਹੋਣ ਦੇਣੀ ਸੀ। ਉਸ ਨੇ ਲਿਖਿਆ ਕਿ ਉਹ ਲਗਭਗ 433 ਈ.ਪੂ. ਵਿਚ **ਅਰਤਹਸ਼ਸ਼ਤਾ ਦੇ ਬੱਤੀਵੇਂ ਵਰ੍ਹੇ ਪਾਤਸ਼ਾਹ** ਕੋਲ ਵਾਪਸ ਗਿਆ (13:6)। ਉਸਨੇ ਇਹ ਤਾਂ ਨਹੀਂ ਦੱਸਿਆ ਕਿ ਉਹ ਉੱਥੇ ਕਿੰਨੀ ਦੇਰ ਰਿਹਾ ਸੀ, ਪਰ ਇਹ ਜ਼ਰੂਰ ਦੱਸਿਆ ਕਿ ਅਖ਼ੀਰ ਉਸ ਨੂੰ ਯਹੂਦਾਹ ਨੂੰ ਵਾਪਸ ਜਾਣ ਦੀ ਇਜਾਜ਼ਤ ਮਿਲ ਗਈ।

ਫ਼ਾਰਸ ਦੇ ਰਾਜੇ ਅਰਤਹਸ਼ਸ਼ਤਾ ਨੂੰ ਇੱਥੇ **ਬਾਬਲ ਦਾ ਪਾਤਸ਼ਾਹ** ਕਿਉਂ ਕਿਹਾ ਗਿਆ ਹੈ? ਇਸ ਸਵਾਲ ਦਾ ਇਕ ਸੰਭਵ ਜਵਾਬ ਇਹ ਹੈ ਕਿ ਉਦੋਂ ਉਹ ਬਾਬਲ ਵਿਚ ਰਹਿ ਰਿਹਾ ਸੀ। ਐੱਚ. ਜੀ. ਐੱਮ. ਵਿਲੀਅਮਸਨ ਇਸ ਸਵਾਲ ਨੂੰ ਸਿਰੇ ਨਹੀਂ ਚੜ੍ਹਾ ਸਕਿਆ। ਉਸ ਨੇ ਆਖਿਆ, ''[ 'ਬਾਬਲ ਦਾ ਪਾਤਸ਼ਾਹ' ] ਦੇ ਅਹੁਦੇ ਦੀ ਵਰਤੋਂ ਫ਼ਾਰਸੀ ਰਾਜੇ ਵੱਲੋਂ ਕੀਤਾ ਜਾਣਾ ਜਾਇਜ਼ ਹੋ ਸਕਦਾ ਹੈ,'' ਪਰ ਉਸ ਨੇ ਕਿਹਾ ਕਿ ਇਹ ਵਧੇਰੇ ਸੰਭਵ ਹੈ ਕਿ ''ਇਹ ਸੁਝਾਅ ਕਿ ਨਹਮਯਾਹ ਦੇ ਉਸ ਕੋਲ ਵਾਪਸ ਜਾਣ ਵੇਲੇ ਅਰਤਹਸ਼ਸ਼ਤਾ ਬਾਬਲ ਵਿਚ ਰਹਿ ਰਿਹਾ ਸੀ।''[10]

**ਆਇਤਾਂ 7-9.** *ਹੱਲ*/ਜਦ ਨਹਮਯਾਹ ਯਰੂਸ਼ਲਮ ਵਿਚ ਪੁੱਜਾ **ਜਿਹੜੀ ਬੁਰਿਆਈ ਅਲਯਾਸ਼ੀਬ ਨੇ ਟੋਬੀਯਾਹ ਦੇ ਲਈ ਕੀਤੀ ਸੀ** ਉਸ ਨੂੰ **ਸਮਝਿਆ** (13:7), ਤਾਂ ਉਸ ਨੂੰ ਗੁੱਸਾ ਆਇਆ। ਉਸ ਨੇ ਆਖਿਆ, **ਇਹ ਮੈਨੂੰ ਬਹੁਤ ਬੁਰਾ ਲੱਗਾ** ਅਤੇ ਇਸ ਗਲਤੀ ਨੂੰ ਸੁਧਾਰਣ ਲਈ ਓਸੇ ਵੇਲੇ ਅਤੇ ਪੂਰੀ ਤਾਕਤ ਨਾਲ ਕੰਮ ਕੀਤਾ। ਉਸ ਨੇ **ਟੋਬੀਯਾਹ ਦਾ ਸਾਰਾ ਲੱਕਾ ਤੁੱਕਾ ਉਸ ਕੋਠੜੀ ਵਿੱਚੋਂ ਬਾਹਰ ਸੁਟਵਾ ਦਿੱਤਾ** (13:8)। ਜਦ ਨਹਮਯਾਹ ਨੇ ਇਹ ਕੀਤਾ ਅਤੇ ਲੋਕਾਂ ਨੂੰ ''ਫਿਟਕਾਰਿਆ'' ਅਤੇ ''ਉਨ੍ਹਾਂ ਦੇ ਵਾਲ ਪੁੱਟੇ'' (13:25) ਤਾਂ ਉਸ ਨੇ ਹਾਕਮ ਦੇ ਤੌਰ ਤੇ ਇਹ ਕੰਮ ਕਰਨ ਲਈ ਬੰਦਿਆਂ ਨੂੰ ਲਾਇਆ ਹੋਵੇਗਾ। ਅਧਿਆਇ ਵਿਚ ਅੱਗੇ ਸ਼ਹਿਰ ਦੇ ਫਾਟਕਾਂ ਦੀ ਰਾਖੀ ਕਰਨ ਲਈ ਉਹ ਨੇ ਇਨ੍ਹਾਂ ਜਵਾਨਾਂ ਨੂੰ ਲਾਇਆ (13:19)। ਉਹ ਬਾਡੀਗਾਰਡਾਂ, ਜਵਾਨਾਂ ਅਤੇ ਪੁਲਿਸ ਵਾਲਿਆਂ ਵਰਗੇ ਕੰਮ ਕਰਦੇ ਹੋਣਗੇ।

ਟੋਬੀਯਾਹ ਦਾ ਸਮਾਨ ਹਟਾ ਦਿੱਤੇ ਜਾਣ ਤੋਂ ਬਾਅਦ ਨਹਮਯਾਹ ਨੇ ਹੁਕਮ ਦਿੱਤਾ ਕਿ **ਕੋਠੜੀਆਂ** ਸਾਫ਼ ਕੀਤੀਆਂ ਜਾਣ। 7 ਅਤੇ 8 ਆਇਤਾਂ ਵਿਚ ''ਕੋਠੜੀ'' ਸ਼ਬਦ ਇਕਵਚਨ ਵਿਚ ਹੈ, ਪਰ ਆਇਤ 9 ਵਿਚ ਵਿਚ ਇਹ ਬਹੁਵਚਨ ਵਿਚ ਹੈ। ਸਾਫ਼ ਹੈ ਕਿ ''ਕੋਠੜੀਆਂ'' ਵਿਚ ਟੋਬੀਯਾਹ ਅਤੇ ਹੋਰਨਾਂ ਵੱਲੋਂ ਵਰਤੀ ਗਈ ਕੋਠੜੀ ਵੀ ਸੀ। ਕੋਠੜੀਆਂ **ਸਾਫ਼** ਕੀਤੀਆਂ ਜਾਣ ਤੋਂ ਬਾਅਦ ਨਹਮਯਾਹ ਨੇ ਉਹ ਚੀਜ਼ਾਂ ਜਿਹੜੀਆਂ **ਉੱਥੇ** ਦੀਆਂ ਸਨ **ਮੁੜ** ਉੱਥੇ ਰਖਵਾ ਦਿੱਤੀਆਂ (13:9)।

ਸਾਡੇ ਲਈ ਇਸ ਅਧਿਆਇ ਵਿਚ ਕੀਤੀਆਂ ਗਈਆਂ ਨਹਮਯਾਹ ਦੀਆਂ ਕਾਰਵਾਹੀਆਂ ਨੂੰ ਮੰਜ਼ੂਰੀ ਦੇਣਾ ਮੁਸ਼ਕਿਲ ਹੋ ਸਕਦਾ ਹੈ। ਬਹੁਤੇ ਲੋਕ ਕਿਸੇ ਨੂੰ ਵੀ ਜਿਸ ਨੂੰ ਸੁਧਾਰ ਦੀ ਲੋੜ ਹੋਵੇ, ''ਗਲਤ'' ਜਾਂ ''ਬੁਰਾ'' ਕਹਿਣ ਤੋਂ ਡਰਦੇ ਹਨ। ਅਸੀਂ ਵੀ ਜੇ ਕਿਸੇ ਕੰਮ ਨੂੰ ''ਬੁਰਾ'' ਮੰਨਦੇ ਹਾਂ ਤਾਂ ਸੰਭਵ ਤੌਰ ਤੇ ਸਿੱਧੇ ਤੌਰ ਤੇ ਜਾਂ ਜ਼ਬਰਦਸਤੀ, ਉਸ ਨੂੰ ਠੀਕ ਕਰਨਾ ਨਹੀਂ ਚਾਹੁੰਦੇ। ਹੋ ਸਕਦਾ ਹੈ ਕਿ ਅਸੀਂ ਆਪਣੀ ਨਾਮੰਜ਼ੂਰੀ ਦਾ ਸੰਕੇਤ ਦੇਣ ਨੂੰ ਤਰਜੀਹ ਦਈਏ। ਹੋ ਸਕਦਾ ਹੈ ਕਿ ਅਸੀਂ ਕਿਸੇ ਨੂੰ ਜੋ ਉਹ ਕਰ ਰਿਹਾ ਹੋਵੇ, ਉਹ ਨਾ ਕਰਨ ਲਈ ਸਮਝਾਉਣਾ ਚਾਹੀਏ, ਪਰ ਕਿਸੇ ਨੂੰ ਗਲਤ ਕਰਨ ਤੋਂ ਜ਼ਬਰਦਸਤੀ ਰੋਕਣ ਦਾ ਵਿਚਾਰ ਸਾਨੂੰ ਨਾਗਵਾਰ ਲਗਦਾ ਹੈ। ਇਹ ਸੋਚ ਕੇ ਕਿ ''ਚੰਗਾ ਹੈ ਕਿ ਉਸ ਨੇ ਲੋਕਾਂ ਤੋਂ ਉਹ ਸੁਧਾਰ ਕਰਵਾਏ, ਪਰ ਸ਼ਾਇਦ ਉਸ ਨੂੰ ਹੋਰ ਨਰਮਾਈ ਨਾਲ ਇਹ ਕਰਨਾ ਚਾਹੀਦਾ ਸੀ'' ਰਲੀਆਂ ਮਿਲੀਆਂ ਭਾਵਨਾਵਾਂ ਨਾਲ ਅਸੀਂ ਨਹਮਯਾਹ ਦੀਆਂ ਕਾਰਵਾਹੀਆਂ ਨੂੰ ਵੇਖ ਸਕਦੇ ਹਾਂ।

ਨਹਮਯਾਹ ਦਾ ਵਿਹਾਰ ਜ਼ਾਲਮਾਨਾ ਲਗ ਸਕਦਾ ਹੈ। ਉਸ ਉੱਤੇ ਕੋਠੜੀ ਵਿੱਚੋਂ ਟੋਬੀਯਾਹ ਦਾ ਸਮਾਨ ਸੁੱਟਣ ਵਾਲੇ ਕੁਝ ਕੁਝ ''ਨਿੱਜੀ ਰੰਜਿਸ਼'' ਕੱਢਣ ਅਤੇ ''ਬਦਮਿਜ਼ਾਜ'' ਹੋਣ ਦਾ ਇਲਜ਼ਾਮ ਵੀ ਲਾਇਆ ਗਿਆ ਹੈ।[11] ਇਕ ਲੇਖਕ ਨੇ ਆਖਿਆ ਕਿ ਆਪਣੀਆਂ ਵਿਦੇਸ਼ੀ ਤੀਵੀਂਆਂ ਬਾਰੇ ਲੋਕਾਂ ਨੂੰ ਕਹਿਣ ਦਾ ਨਹਮਯਾਹ ਦਾ ਤਰੀਕਾ ''ਅਜੀਬ ਅਤੇ ਨਾਖੁਸ਼ਗਵਾਰ ਤਸਵੀਰ'' ਸੀ ਅਤੇ ਅੱਗੇ ਆਖਿਆ ਕਿ ''ਨਹਮਯਾਹ ਅਜਿਹਾ ਲੀਡਰ ਨਹੀਂ ਹੈ ਜਿਹੜਾ ਚਤੁਰਾਈ ਅਤੇ ਸਿਆਸੀ ਤਿਕੜਮ ਨਾਲ ਕਾਇਲ ਕਰਦਾ ਹੋਵੇ। ਉਸਦਾ ਤਰੀਕਾ ਸਿੱਧਾ, ਜ਼ਬਰਦਸਤੀ ਵਾਲਾ ਅਤੇ ਧਮਕੀ ਭਰਿਆ ਹੈ। ਇਸ ਵਿਚ ਤਾਰੀਫ਼ ਕਰਨ ਵਾਲੀ ਕੋਈ ਗੱਲ ਨਹੀਂ ਹੈ।''[12]

ਸਾਨੂੰ ਨਹਮਯਾਹ ਤੇ ਤਰੀਕੇ ਅਤੇ ਅਹੁਦੇ ਦਾ ਧਿਆਨ ਰੱਖਣਾ ਜ਼ਰੂਰੀ ਹੈ। ਉਸ ਨੇ ਆਪਣੇ

ਬੁਨਿਆਦੀ ਤਰੀਕੇ ਦੇ ਰੂਪ ਵਿਚ ਤਾਕਤ ਦੀ ਵਰਤੋਂ ਨਹੀਂ ਕੀਤੀ। ਪਹਿਲਾਂ ਉਸ ਨੇ ਲੋਕਾਂ ਨੂੰ ਪਾਪ ਤੋਂ ਮੋੜਨ ਲਈ ਪ੍ਰੇਰਣਾ ਦੇਣ, ਸ਼ਰੇਆਮ ਸ਼ਰਮਿੰਦਾ ਕਰਨ, ਆਪਣੀ ਮਿਸਾਲ ਦੇਣ, ਸ਼ਰ੍ਹਾ ਦੇ ਪੜ੍ਹੇ ਜਾਣ ਅਤੇ ਖ਼ੁਦਾ ਨਾਲ ਨੇਮ ਨੂੰ ਨਵਿਆਉਣ ਦੀ ਚੁਣੌਤੀ ਦੇਣ ਦੇ ਤਰੀਕੇ ਵਰਤੇ। ਉਨ੍ਹਾਂ ਦੇ ਆਪਣੇ ਮਨਾਂ ਦੇ ਬੇਹੱਦ ਸਖ਼ਤ ਵਿਖਾਉਣ ਤੇ ਹੀ ਉਹਨੇ ਜ਼ੋਰ ਜ਼ਬਰਦਸਤੀ ਕਰਨ ਦਾ ਆਸਰਾ ਲਿਆ। ਅਧਿਆਇ 13 ਵਿਚ ਵੀ, ਉਹ ਹਰ ਪਾਪ ਨਾਲ ਇੱਕੋ ਤਰੀਕੇ ਨਾਲ ਪੇਸ਼ ਨਹੀਂ ਆਇਆ। ਇਸ ਮੌਕੇ ਤੇ ਨਹਮਯਾਹ ਵੱਲੋਂ ਤਾਕਤ ਦੀ ਵਰਤੋਂ ਕੀਤੇ ਜਾਣਾ ਇਹ ਦੱਸਦਾ ਹੈ ਕਿ ਗੰਭੀਰ ਮੁਸ਼ਕਿਲਾਂ ਲਈ ਗੰਭੀਰ ਹੱਲ ਜ਼ਰੂਰੀ ਹੁੰਦੇ ਹਨ।

ਇਸ ਤੋਂ ਵੀ ਵਧ ਕੇ, ਨਹਮਯਾਹ ਯਹੂਦਾਹ ਦਾ ਹਾਕਮ, ਦੇਸ਼ ਉੱਤੇ ਕਾਨੂੰਨ ਲਾਗੂ ਕਰਵਾਉਣ ਲਈ ਫ਼ਾਰਸੀ ਰਾਜੇ ਵੱਲੋਂ ਨਿਯੁਕਤ ਕੀਤਾ ਸੰਸਾਰਿਕ ਹਾਕਮ; ਅਤੇ ਦੇਸ਼ ਦਾ ਕਾਨੂੰਨ ਮੂਸਾ ਦੀ ਸ਼ਰ੍ਹਾ ਸੀ! ਇਸ ਕਰਕੇ ਸ਼ਰ੍ਹਾ ਨੂੰ ਲਾਗੂ ਕਰਵਾਉਣ ਦਾ ਉਸ ਨੂੰ ਹਰ ਹੱਕ ਸੀ।[13] ਹੈਕਲ ਦੀ ਕੋਠੜੀ ਵਿਚ ਟੋਬੀਯਾਹ ਦਾ ਸਮਾਨ ਟੁੱਟਣਾ, ਅਤੇ ਨਿਯਮ ਤੋੜਨ ਵਾਲੇ ਨੂੰ ਸਰਾਪ ਦੇਣਾ ਅਤੇ ਮਾਰਨਾ ਅਤੇ ਉਨ੍ਹਾਂ ਦੇ ਵਾਲ ਪੁੱਟਣੇ (13:25) ਨਹਮਯਾਹ ਦੇ ਇਖ਼ਤਿਆਰ ਦੇ ਅੰਦਰ ਆਉਂਦਾ ਸੀ। ਪਰ ਅਸੀਂ ਫ਼ਰਕ ਹਾਲਾਤ ਵਿਚ ਰਹਿੰਦੇ ਹਾਂ। ਮਸੀਹੀ ਸਿਸਟਮ ਆਤਮਿਕ ਹੈ, ''ਇਸ ਜਗਤ ਤੋਂ ਨਹੀਂ'' (ਯੂਹੰਨਾ 18:36)। ਇਸ ਕਰਕੇ ਮਸੀਹੀ ਲੋਕਾਂ ਦੀਆਂ ਗਲਤੀਆਂ ਲਈ ਨਵੇਂ ਨੇਮ ਵੱਲੋਂ ਦੱਸੇ ਗਏ ਹੱਲ ਰੂਹਾਨੀ ਹਨ, ਜਿਸਮਾਨੀ ਨਹੀਂ। ਕਲੀਸੀਆ ਦੇ ਅਨੁਸ਼ਾਸ਼ਨ ਵਿਚ ਸੰਗਤੀ ਵਿਚ ਕੱਢਣਾ ਸ਼ਾਮਿਲ ਹੈ, ਜਿਸਮਾਨੀ ਸਜ਼ਾ ਦੇਣਾ ਨਹੀਂ। ਨਵਾਂ ਨੇਮ ਕਲੀਸੀਆ ਨੂੰ ਗੈਰ ਮਸੀਹੀਆਂ ਨੂੰ ਸਜ਼ਾ ਦੇਣ ਦਾ ਹੱਕ ਜਾਂ ਜ਼ਿੰਮੇਵਾਰੀ ਨਹੀਂ ਦਿੰਦਾ, ਭਾਵੇਂ ਉਨ੍ਹਾਂ ਦਾ ਅਪਰਾਧ ਜੋ ਵੀ ਹੋਵੇ। ਕਲੀਸੀਆ ਦੇ ਬੇਦੀਨ ਹੋਏ ਮੈਂਬਰਾਂ ਨਾਲ ਅਨੁਸ਼ਾਸ਼ਨ ਦੀਆਂ ਅਜਿਹੀਆਂ ਕਾਰਵਾਹੀਆਂ ਲਈ ਨਹਮਯਾਹ ਦਾ ਵਿਚਾਰ ਕੋਈ ਤਾਰਕਿਕ ਅਧਾਰ ਨਹੀਂ ਦਿੰਦਾ।

## ਹੈਕਲ ਦੇ ਕਰਮਚਾਰੀਆਂ ਲਈ ਦਸਵੰਧ ਬਹਾਲ ਕੀਤੇ ਗਏ (13:10-14)

**10ਫਿਰ ਮੈਨੂੰ ਪਤਾ ਲੱਗਾ ਕਿ ਲੇਵੀਆਂ ਦੇ ਹਿੱਸੇ ਉਨ੍ਹਾਂ ਨੂੰ ਨਹੀਂ ਦਿੱਤੇ ਗਏ ਇਸ ਲਈ ਕੰਮ ਕਰਨ
ਵਾਲੇ ਲੇਵੀ ਅਤੇ ਰਾਗੀ ਆਪੋ ਆਪਣੇ ਖੇਤਾਂ ਨੂੰ ਨੱਠ ਗਏ ਹਨ 11ਤਦ ਮੈਂ ਰਈਸਾਂ ਨਾਲ ਝਗੜ ਕੇ
ਆਖਿਆ ਕਿ ਪਰਮੇਸ਼ੁਰ ਦਾ ਭਵਨ ਕਿਉਂ ਤਿਆਗਿਆ ਜਾਂਦਾ ਹੈ? ਅਤੇ ਉਨ੍ਹਾਂ ਨੂੰ ਇਕੱਠੇ ਕਰ ਕੇ
ਉਨ੍ਹਾਂ ਦੇ ਥਾਂ ਉੱਤੇ ਉਨ੍ਹਾਂ ਨੂੰ ਖੜੇ ਕੀਤਾ 12ਤਦ ਸਾਰਾ ਯਹੂਦਾਹ ਅੰਨ ਦਾ ਅਰ ਨਵੀਂ ਮੈ ਅਤੇ ਤੇਲ ਦਾ
ਦਸਵੰਧ ਖ਼ਜ਼ਾਨਿਆਂ ਵਿਚ ਲਿਆਏ 13ਅਤੇ ਮੈਂ ਸ਼ਲਮਯਾਹ ਜਾਜਕ ਅਤੇ ਸਾਦੋਕ ਲਿਖਾਰੀ ਅਤੇ ਲੇਵੀਆਂ
ਵਿੱਚੋਂ ਪਦਾਯਾਹ ਨੂੰ ਖ਼ਜ਼ਾਨਿਆਂ ਉੱਤੇ ਖ਼ਜ਼ਾਨਚੀ ਬਣਾਇਆ ਅਤੇ ਇਨ੍ਹਾਂ ਦੇ ਹੇਠ ਮੱਤਨਯਾਹ ਦਾ ਪੋਤਾ
ਜ਼ਕੂਰ ਦਾ ਪੁੱਤਰ ਹਾਨਾਨ ਸੀ ਕਿਉਂਕਿ ਓਹ ਈਮਾਨਦਾਰ ਗਿਣੇ ਜਾਂਦੇ ਸਨ ਅਤੇ ਆਪਣੇ ਭਰਾਵਾਂ ਵਿਚ
ਵੰਡਣਾ ਉਨ੍ਹਾਂ ਦਾ ਕੰਮ ਸੀ। 14ਹੇ ਮੇਰੇ ਪਰਮੇਸ਼ੁਰ, ਇਸ ਦੇ ਕਾਰਣ ਮੈਨੂੰ ਯਾਦ ਕਰ ਅਤੇ ਮੇਰੇ ਨੇਕ
ਕੰਮਾਂ ਨੂੰ ਜਿਹੜੇ ਮੈਂ ਪਰਮੇਸ਼ੁਰ ਦੇ ਭਵਨ ਲਈ ਅਤੇ ਉਸ ਦੀਆਂ ਰੀਤੀਆਂ ਲਈ ਕੀਤੇ ਹਨ ਨਾ ਮੇਟ।**

ਨਹਮਯਾਹ ਵੱਲੋਂ ਨਜਿੱਠੀ ਗਈ ਦੂਜੀ ਮੁਸ਼ਕਿਲ ਹੈਕਲ ਦੇ ਕਰਮਚਾਰੀਆਂ ਦੀ ਮਦਦ ਵਿਚ ਯਹੂਦੀਆਂ ਦੇ ਨਾਕਾਮ ਰਹਿਣ ਨਾਲ ਸਬੰਧਿਤ ਸੀ।

**ਆਇਤ 10.** *ਮੁਸ਼ਕਿਲ।* **ਲੇਵੀਆਂ ਦੇ ਹਿੱਸੇ** (ਦਸਵੰਧ) ਜਿਹੜੇ ਉਨ੍ਹਾਂ ਦੇ ਬਣਦੇ ਸਨ **ਉਨ੍ਹਾਂ ਨੂੰ ਨਹੀਂ ਦਿੱਤੇ ਗਏ** ਸਨ। ਲੋਕ ਯਹੋਵਾਹ ਨੂੰ ਆਪਣੀ ਫਸਲ ਦੀ ਉਪਜ ਦੇ ਪਹਿਲੇ ਫਲ ਦੇਣ ਦੇ ਆਪਣੇ ਪਹਿਲੇ ਵਾਅਦੇ ਦੇ ਬਾਵਜੂਦ ਦਸਵੰਧ ਨਹੀਂ ਦੇ ਰਹੇ ਸਨ (10:34–39)। ਤਕਰੀਬਨ ਇਸੇ ਸਮੇਂ ਮਲਾਕੀ ਨਬੀ ਨੇ ਵੀ ਯਹੂਦੀਆਂ ਨੂੰ ਸ਼ਰ੍ਹਾ ਵੱਲੋਂ ਦੱਸੇ ਗਏ ਦਸਵੰਧ ਨਾ ਦਿੱਤੇ ਜਾਣ ਲਈ ਝਿੜਕਿਆ

ਸੀ (ਮਲਾਕੀ 3:8–10)।

**ਰਾਗੀਆਂ** ਦੇ ਨਾਲ ਨਾਲ ਉਨ੍ਹਾਂ ਨੇ ਵੀ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਮਦਦ ਲਈ, ਹੈਕਲ ਦਾ **ਕੰਮ** ਛੱਡ ਦਿੱਤਾ ਸੀ। **ਨੱਠ ਗਏ** ਇਬਰਾਨੀ ਕਿਰਿਆ ਸ਼ਬਦ (*barach*, *ਬਾਰਾਕ*) ਤੋਂ ਲਿਆ ਗਿਆ ਹੈ ਜਿਸ ਦਾ ਮੂਲ ਅਰਥ ''ਭੱਜ ਜਾਣਾ'' ਹੈ। ਉਹ ਆਪਣਾ ਖ਼ੁਦ ਦਾ ਅਨਾਜ ਉਗਾਉਣ ਲਈ ਆਪੋ ਆਪਣੇ ਖੇਤਾਂ ਵਿਚ ਵਾਪਸ ਚਲੇ ਗਏ ਸਨ। ਲੇਵੀ ਕਿਨ੍ਹਾਂ ਖੇਤਾਂ ਵਿਚ ਵਾਪਸ ਚਲੇ ਗਏ? ਉਨ੍ਹਾਂ ਨੂੰ ਜ਼ਮੀਨ ਕਿੱਥੋਂ ਮਿਲੀ ਜਿਸ ਵਿਚ ਉਹ ਕੰਮ ਕਰਦੇ ਸਨ? ਇਸਰਾਏਲੀਆਂ ਦੇ ਸ਼ੁਰੂ ਵਿਚ ਕਨਾਨ ਤੇ ਕਬਜ਼ਾ ਕਰਨ ਵੇਲੇ ਲੇਵੀਆਂ ਨੂੰ ਜ਼ਮੀਨ ਦੇ ਹਿੱਸੇ ਦੀ ਬਜਾਇ ਅਠਤਾਲੀ ਸ਼ਹਿਰ ਦਿੱਤੇ ਗਏ ਸਨ। ਰਾਜ ਦੀ ਵੰਡ ਅ ਤੇ ਉਸ ਤੋਂ ਬਾਅਦ ਇਸ ਉੱਤੇ ਕਬਜ਼ੇ ਦੇ ਬਾਅਦ (ਪਹਿਲਾਂ ਅੱਸ਼ੂਰ ਵੱਲੋਂ ਅਤੇ ਫਿਰ ਬਾਬਲ ਵੱਲੋਂ) ਨਾਲੇ ਯਹੂਦੀਆਂ ਦੀ ਅਸੀਰੀ ਵਿਚ ਜਾਣ ਤੋਂ ਬਾਅਦ, ਵਾਅਦੇ ਦੀ ਧਰਤੀ ਦੀ ਮੂਲ ਵੰਡ ਸੰਭਵ ਤੌਰ ਤੇ ਨਹਮਯਾਹ ਦੇ ਦਿਨਾਂ ਤਕ ਕਿਸੇ ਕੰਮ ਦੀ ਨਹੀਂ ਰਹੀ ਹੋਵੇਗੀ। ਇਸ ਕਰਕੇ ਲੇਵੀ ਉਵੇਂ ਹੀ ਜ਼ਮੀਂਦਾਰ ਹੋਣਗੇ ਜਿਵੇਂ ਹੋਰ ਯਹੂਦੀ ਸਨ। ਮੂਲ ਵੰਡ ਪ੍ਰਭਾਵੀ ਰਹਿਣ ਤੇ ਵੀ, ਲੇਵੀਆਂ ਦੇ ਹਰ ਸ਼ਹਿਰ ਦੇ ਦੁਆਲੇ ਦੀ ਜ਼ਮੀਨ ਫ਼ਸਲ ਉਗਾਉਣ ਲਈ ਵਰਤੀ ਜਾ ਸਕਦੀ ਸੀ। ਲੋਕਾਂ ਵੱਲੋਂ ਉਨ੍ਹਾਂ ਦੀ ਬਣਦੀ ਮਦਦ ਨਹੀਂ ਕੀਤੀ ਜਾ ਰਹੀ ਸੀ ਇਸ ਕਰਕੇ ਉਨ੍ਹਾਂ ਲਈ ਆਪਣੀ ਮਦਦ ਆਪ ਕਰਨਾ ਜ਼ਰੂਰੀ ਸੀ। ਉਨ੍ਹਾਂ ਦੇ ਚਲੇ ਜਾਣ ਕਰਕੇ ਹੈਕਲ ਦੀਆਂ ਸੇਵਾਵਾਂ ਨਜ਼ਰਅੰਦਾਜ਼ ਹੋ ਰਹੀਆਂ ਸਨ।

**ਆਇਤਾਂ 11-13.** *ਹੱਲ*/ਨਹਮਯਾਹ ਨੇ ਚਾਰ ਤਰ੍ਹਾਂ ਦੀ ਕਾਰਵਾਹੀ ਕਰਕੇ ਮੁਸ਼ਕਿਲ ਦਾ ਹੱਲ ਨਿਯਮਿਤ ਤਰੀਕੇ ਨਾਲ ਅਤੇ ਪੂਰੀ ਤਰ੍ਹਾਂ ਨਾਲ ਕੀਤਾ। (1) ਉਸ ਨੇ ਹੈਕਲ ਦੇ **ਰਈਸਾਂ** ਜਿਨ੍ਹਾਂ ਉੱਤੇ ਪਵਿੱਤਰ ਗਤੀਵਿਧੀਆਂ ਦਾ ਜ਼ਿੰਮਾ ਸੀ, **ਨਾਲ ਝਗੜਾ** ਕੀਤਾ (*rib*, *ਰਿਬ*) ਜਾਂ ''ਬਹਿਸ ਕੀਤੀ'' (13:11)। (2) ਉਸ ਨੇ ਲੇਵੀਆਂ ਅਤੇ ਰਾਗੀਆਂ ਨੂੰ **ਉਨ੍ਹਾਂ ਦੇ ਥਾਂ ਉੱਤੇ ਖੜੇ ਕੀਤਾ** (13:11)। (3) ਉਹ ਨੇ ਆਖਿਆ ਕਿ **ਸਾਰਾ ਯਹੂਦਾਹ** ਹੈਕਲ ਦੇ **ਖ਼ਜ਼ਾਨਿਆਂ ਵਿਚ ਅੰਨ, ਨਵੀਂ ਮੈ ਅਤੇ ਤੇਲ** ਲਿਆਵੇ (13:12)। (4) ਯਾਜਕਾਂ ਅਤੇ ਲੇਵੀਆਂ ਵਿੱਚੋਂ ਉਸਨੇ ਹੈਕਲ ਵਿਚ ਲਿਆਂਦੀਆਂ ਗਈਆਂ ਭੇਟਾਂ ਉੱਤੇ ਜ਼ਿੰਮਾ ਦੇਣ ਅਤੇ ਇਹ ਵੇਖਣ ਲਈ ਕਿ ਉਹ ਭੇਟਾਂ ਯਾਜਕਾਂ ਅਤੇ ਲੇਵੀਆਂ, ਅਤੇ ਉਨ੍ਹਾਂ ਦੇ **ਭਰਾਵਾਂ** ਵਿਚ ਸਹੀ ਸਹੀ ਵੰਡੀਆਂ ਜਾਣ, **ਈਮਾਨਦਾਰ** ਬੰਦੇ ਲਾਏ (13:13)।

ਲੋਕਾਂ ਵੱਲੋਂ ਦਸਵੰਧ ਨਾ ਦਿੱਤੇ ਜਾਣ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਗੁੱਟਾਂ ਵਿੱਚੋਂ ਨਹਮਯਾਹ ਨੇ ਤਿੰਨ ਬੰਦੇ ਚੁਣੇ: ਇਕ **ਜਾਜਕ**, ਇਕ **ਲਿਖਾਰੀ** ਅਤੇ ਇਕ **ਲੇਵੀ**। ਚੌਥਾ ਇਨ੍ਹਾਂ ਵਿੱਚੋਂ ਕੋਈ ਨਹੀਂ ਸੀ ਪਰ ਯਕੀਨਨ ਹੀ ਉਹ ਕਮੇਟੀ ਦਾ ਭਰੋਸੇਯੋਗ, ਨਿਰਪੱਖ ਮੈਂਬਰ ਸੀ ਜਿਹੜਾ ਦੂਜਿਆਂ ਦੀਆਂ ਵਿਸ਼ੇਸ਼ ਰੁਚੀਆਂ ਵਿਚਕਾਰ ਨਿਰਪੱਖ ਢੰਗ ਨਾਲ ਫ਼ੈਸਲਾ ਕਰਦਾ ਸੀ।

**ਆਇਤ 14.** ਵਿਰਤਾਂਤ ਵਿਚ ਇੱਥੇ ਨਹਮਯਾਹ ਨੇ ਛੋਟੀਆਂ ਛੋਟੀਆਂ ਚਾਰ ਦੁਆਵਾਂ ਵਿੱਚੋਂ ਪਹਿਲੀ ਆਪਣੀ ਆਤਮਕਥਾ ਦੇ ਇਸ ਹਿੱਸੇ ਵਿਚ ਜੋੜ ਦਿੱਤੀ। ਹਰ ਦੁਆ ਵਿਚ ਉਸ ਨੇ **ਪਰਮੇਸ਼ੁਰ** ਨੂੰ **ਯਾਦ** ਕਰਨ ਲਈ ਆਖਿਆ (13:14, 22, 29, 31; ਵੇਖੋ 5:19; 6:14)। ''ਯਾਦ ਕਰਨਾ'' ਕਹਿਣ ਦਾ ਮਤਲਬ ਇਹੀ ਨਹੀਂ ਹੁੰਦਾ ਕਿ ਕਿਸੇ ਗੱਲ ਨੂੰ ਧਿਆਨ ਵਿਚ ਰੱਖਿਆ ਜਾਵੇ; ਬਲਕਿ ''ਯਾਦ'' ਕਰਨ ਦਾ ਮਤਲਬ ਕਿਸੇ ਦੇ ਮਨ ਵਿਚ ਪਹਿਲਾਂ ਕੋਈ ਗੱਲ ਹੋਣ ਕਰਕੇ ਖ਼ਾਸ ਢੰਗ ਨਾਲ ਕੰਮ ਜਾਂ ਵਿਹਾਰ ਕਰਨਾ ਹੈ।[14] ਇਨ੍ਹਾਂ ਵਿੱਚੋਂ ਤਿੰਨ ਦੁਆਵਾਂ ਵਿਚ, ਨਹਮਯਾਹ ਨੇ ਆਖਿਆ ਕਿ ਯਹੋਵਾਹ ਉਸ ਭਲਿਆਈ ਲਈ ਜਿਹੜੀ ਉਸ ਨੇ ਕੀਤੀ ਸੀ ਉਸ ਨੂੰ ''ਯਾਦ'' ਰੱਖੇ। ਇਕ ਦੁਆ ਵਿਚ, ਉਸ ਨੇ ਖ਼ੁਦਾ ਨੂੰ ਨੇਮ ਨੂੰ ਤੋੜਨ ਵਾਲਿਆਂ ਨੂੰ ''ਯਾਦ'' ਕਰਨ ਲਈ ਆਖਿਆ; ਉਹ ਚਾਹੁੰਦਾ ਸੀ ਕਿ ਖ਼ੁਦਾ ਉਨ੍ਹਾਂ ਨੂੰ ਸੁਧਾਰ ਦਵੇ।

13:14 ਵਿਚ ਨਹਮਯਾਹ ਦੁਆ ਕਰ ਰਿਹਾ ਸੀ ਕਿ ਖ਼ੁਦਾ ਹੈਕਲ ਲਈ ਕੀਤੀ ਗਈ ਉਸ ਦੀ ਸੇਵਾ ਨੂੰ ਧਿਆਨ ਵਿਚ ਰੱਖ ਕੇ ਅਤੇ ਯਾਦਗੀਰੀ ਦੀ ਖ਼ੁਦਾ ਦੀ ਕਿਤਾਬ ਵਿੱਚੋਂ ਉਸ ਦੇ **ਨੇਕ ਕੰਮਾਂ**

**ਨੂੰ ਨਾ ਮੇਟ** ਦੇਵੇ। ਖ਼ੁਦਾ ਦੇ ਅਜਿਹੀ ਕਿਤਾਬ ਰੱਖਣ ਦਾ ਵਿਚਾਰ ਬਾਈਬਲ ਵਿਚ ਕਈ ਥਾਂ ਮਿਲਦਾ ਹੈ (ਕੂਚ 32:32; ਲੂਕਾ 10:20; ਪਰਕਾਸ਼ 20:12; 21:27)। ਕਿਡਨਰ ਨੇ ਖ਼ੁਦਾ ਲਈ ਉਸ ਦੇ ਪਿਆਰ, ਉਸ ਦੇ ਜਜ਼ਬੇ ਅਤੇ ਉਸ ਦੀ ਹਲੀਮੀ ਲਈ ਨਹਮਯਾਹ ਦੀ ਤਾਰੀਫ਼ ਕੀਤੀ। ਉਸ ਨੇ ਲਿਖਿਆ, ''ਖ਼ੁਦਾ ਤੋਂ 'ਸ਼ਾਬਾਸ਼' ਸੁਣਨਾ ਸਭ ਤੋਂ ਵੱਧ ਬੇਗੁਨਾਹੀ ਅਤੇ ਸਭ ਤੋਂ ਸੁਥਰੀਆਂ ਖ਼ਾਹਿਸ਼ਾਂ ਹੈ। ਨਾਲੇ ਇਹ ਬੇਨਤੀ ਹਲੀਮ ਬੰਦਾ ਹੀ ਕਰ ਸਕਦਾ ਹੈ ਨਾ ਕਿ ਆਪਣੀ ਅਹਿਮੀਅਤ ਦੱਸਣ ਵਾਲਾ, ਕਿਉਂ ਜੋ ਇਹ ਮਦਦ ਲਈ ਇਕ ਬੇਨਤੀ ਹੈ।''[15]

''ਯਾਦ'' ਦੀਆਂ ਨਹਮਯਾਹ ਦੀਆਂ ਦੁਆਵਾਂ ਤੋਂ ਉਸ ਦੀ ਸਭ ਤੋਂ ਵੱਡੀ ਤਰਜੀਹ ਦਾ ਪਤਾ ਲਗਦਾ ਹੈ। ਉਸ ਦੀ ਦਿਲਚਸਪੀ ਇਸ ਗੱਲ ਵਿਚ ਨਹੀਂ ਸੀ ਕਿ ਲੋਕ ਉਹਦੇ ਬਾਰੇ ਕੀ ਸੋਚਦੇ ਹੋਣਗੇ ਜਾਂ ਇਹ ਕਿ ਉਹ ''ਵੱਡਾ'' ਬਣਨਾ ਚਾਹੁੰਦਾ ਸੀ। ਉਸ ਦੀ ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਖ਼ੁਦਾ ਉਹਦੇ ਬਾਰੇ ਕੀ ਸੋਚਦਾ ਹੈ! ਦਿਲਚਸਪ ਗੱਲ ਹੈ ਕਿ ਉਹਦੀ ਸਭ ਤੋਂ ਵੱਡੀ ਚਿੰਤਾ ਕਰਕੇ ਕਿ ਖ਼ੁਦਾ ਉਸ ਨੂੰ ''ਯਾਦ'' ਰੱਖੇ, ਖ਼ੁਦਾ ਦੇ ਇਕ ਵੱਡੇ ਬੰਦੇ ਅਤੇ ਖ਼ੁਦਾ ਦੇ ਲੋਕਾਂ ਦੇ ਆਗੂ ਹੀ ਆਪਣੀ ਜ਼ਿੰਦਗੀ ਤੋਂ 2,400 ਤੋਂ ਵੱਧ ਸਾਲਾਂ ਤੋਂ ਉਸ ਨੂੰ ''ਯਾਦ ਰੱਖਿਆ'' ਜਾਣਾ ਹੈ।

### ਸੱਬਤ ਲਾਗੂ ਕੀਤਾ ਗਿਆ (13:15-22)

**15ਉਨ੍ਹੀਂ ਦਿਨੀਂ ਮੈਂ ਯਹੂਦਾਹ ਵਿਚ ਵੇਖਿਆ ਕਈ ਜਿਹੜੇ ਸੱਬਤ ਦੇ ਦਿਨ ਅੰਗੂਰਾਂ ਨੂੰ ਚੁਬੱਚਿਆਂ
ਵਿਚ ਪੀੜਦੇ ਸਨ ਅਤੇ ਭਰੀਆਂ ਨੂੰ ਖੋਤੀਆਂ ਉੱਤੇ ਲੱਦ ਕੇ ਅੰਦਰ ਲਿਆਉਂਦੇ ਸਨ ਇਸੇ ਤਰ੍ਹਾਂ ਮੈ
ਅਰ ਅੰਗੂਰ ਅਤੇ ਅੰਜੀਰ ਅਰ ਨਾਨਾ ਪਰਕਾਰ ਦੇ ਭਾਰ ਸੱਬਤ ਦੇ ਦਿਨ ਵਿਚ ਯਰੂਸ਼ਲਮ ਦੇ ਅੰਦਰ
ਲਿਆਉਂਦੇ ਸਨ ਅਤੇ ਜਿਸ ਦਿਨ ਓਹ ਖਾਣ ਦੀਆਂ ਚੀਜ਼ਾਂ ਵੇਚਣ ਲੱਗੇ ਤਾਂ ਮੈਂ ਗਵਾਹੀ ਲਈ 16ਉੱਥੇ
ਸੂਰ ਦੇ ਲੋਕ ਵੀ ਵੱਸਦੇ ਸਨ ਜਿਹੜੇ ਮੱਛੀ ਅਤੇ ਨਾਨਾ ਪਰਕਾਰ ਦਾ ਸੌਦਾ ਸੱਬਤ ਵਿਚ ਯਹੂਦੀਆਂ ਕੋਲ
ਯਰੂਸ਼ਲਮ ਵਿਚ ਲਿਆ ਕੇ ਵੇਚਦੇ ਸਨ 17ਤਦ ਮੈਂ ਯਹੂਦਾਹ ਦੇ ਸ਼ਰੀਫਾਂ ਨਾਲ ਝੱਗੜ ਕੇ ਉਨ੍ਹਾਂ ਨੂੰ
ਆਖਿਆ, ਇਹ ਕੀ ਬੁਰਿਆਈ ਹੈ ਜੋ ਤੁਸੀਂ ਕਰਦੇ ਹੋ ਕਿ ਸੱਬਤ ਦੇ ਦਿਨ ਨੂੰ ਭਰਿਸ਼ਟ ਕਰੋ? 18ਕੀ
ਤੁਹਾਡੇ ਪਿਉ ਦਾਦਿਆਂ ਨੇ ਐਉਂ ਨਹੀਂ ਕੀਤਾ ਅਤੇ ਸਾਡੇ ਪਰਮੇਸ਼ੁਰ ਨੇ ਸਾਡੇ ਉੱਤੇ ਅਤੇ ਇਸ ਸ਼ਹਿਰ
ਉੱਤੇ ਇਹ ਸਾਰੀ ਬੁਰਿਆਈ ਨਹੀਂ ਲਿਆਂਦੀ? ਤਦ ਵੀ ਤੁਸੀਂ ਸੱਬਤ ਦੇ ਦਿਨ ਨੂੰ ਭਰਿਸ਼ਟ ਕਰ ਕੇ
ਇਸਰਾਏਲ ਉੱਤੇ ਕਹਿਰ ਨੂੰ ਬਹੁਤ ਕਰਦੇ ਹੋ ! 19ਫੇਰ ਐਉਂ ਹੋਇਆ ਕਿ ਸੱਬਤ ਤੋਂ ਪਹਿਲਾਂ ਜਦ
ਅਨ੍ਹੇਰਾ ਹੋਣ ਲੱਗਾ ਤਾਂ ਮੈਂ ਹੁਕਮ ਦਿੱਤਾ ਕਿ ਯਰੂਸ਼ਲਮ ਦੇ ਫਾਟਕ ਬੰਦ ਕੀਤੇ ਜਾਣ ਅਤੇ ਉਨ੍ਹਾਂ ਨੂੰ
ਤਗੀਦ ਕੀਤੀ ਕਿ ਜਿੰਨਾ ਚਿਰ ਸੱਬਤ ਨਾ ਲੰਘ ਜਾਵੇ ਦਰਵੱਜੇ ਨਾ ਖੋਲੇ ਜਾਣ ਅਤੇ ਮੈਂ ਆਪਣੇ ਜੁਆਨਾਂ
ਵਿੱਚੋਂ ਕਈ ਫਾਟਕਾਂ ਉੱਤੇ ਖੜੇ ਕੀਤੇ ਕਿ ਸੱਬਤ ਦੇ ਦਿਨ ਕੋਈ ਭਾਰ ਅੰਦਰ ਨਾ ਆਵੇ 20ਸੋ ਸੁਦਾਗਰ
ਅਤੇ ਨਾਨਾ ਪਰਕਾਰ ਦਾ ਸੌਦਾ ਵੇਚਣ ਵਾਲੇ ਯਰੂਸ਼ਲਮ ਦੇ ਮਦਾਨ ਵਿਚ ਇਕ ਦੋ ਵਾਰ ਟਿਕੇ 21ਤਦ
ਮੈਂ ਉਨ੍ਹਾਂ ਦੇ ਵਿਰੁੱਧ ਗਵਾਹੀਆਂ ਲਈਆਂ ਅਤੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਕੰਧ ਦੇ ਨੇੜੇ ਕਿਉਂ ਟਿਕਦੇ
ਹੋ? ਜੇ ਤੁਸੀਂ ਫੇਰ ਏਦਾਂ ਕਰੋਗੇ ਤਾਂ ਮੈਂ ਤੁਹਾਡੇ ਉੱਤੇ ਹੱਥ ਪਾਵਾਂਗਾ ! ਉਸ ਵੇਲੇ ਤੋਂ ਓਹ ਫੇਰ ਸੱਬਤ
ਦੇ ਦਿਨ ਨਾ ਆਏ। 22ਮੈਂ ਲੇਵੀਆਂ ਨੂੰ ਇਹ ਹੁਕਮ ਦਿੱਤਾ ਕਿ ਤੁਸੀਂ ਆਪਣੇ ਆਪ ਨੂੰ ਸ਼ੁੱਧ ਕਰੋ ਅਤੇ
ਸੱਬਤ ਦੇ ਦਿਨ ਦੀ ਪਵਿੱਤਰਤਾਈ ਲਈ ਫਾਟਕਾਂ ਦੀ ਰਾਖੀ ਲਈ ਆਓ। ਹੇ ਮੇਰੇ ਪਰਮੇਸ਼ੁਰ, ਮੈਨੂੰ
ਇਸ ਲਈ ਵੀ ਚੇਤੇ ਕਰ ਅਤੇ ਆਪਣੀ ਬਹੁਤੀ ਦਯਾ ਦੇ ਅਨੁਸਾਰ ਮੇਰੇ ਉੱਤੇ ਤਰਸ ਖਾ।**

ਨਹਮਯਾਹ ਵੱਲੋਂ ਕੀਤਾ ਗਿਆ ਅਗਲਾ ਸੁਧਾਰ ਯਹੂਦੀਆਂ ਵੱਲੋਂ ਸੱਬਤ ਦੇ ਦਿਨ ਦੀ ਬੇਅਦਬੀ ਨਾਲ ਸਬੰਧਿਤ ਸੀ। ਸ਼ਰ੍ਹਾ ਵਿਚ ਕਿਹਾ ਗਿਆ ਸੀ, ''ਤੂੰ ਸੱਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖ'' (ਕੂਚ 20:8) ਅਤੇ ਸਮਝਾਇਆ ਗਿਆ ਸੀ ਕਿ ਸੱਬਤ ਦੇ ਦਿਨ ਨੂੰ ਪਵਿੱਤਰ ਜਾਣਨ ਲਈ

ਕੀ ਕਰਨਾ ਜ਼ਰੂਰੀ ਹੈ। ਲੋਕਾਂ ਲਈ ਅਰਾਮ ਕਰਨਾ ਅਤੇ ਕੰਮ ਨਾ ਕਰਨਾ ਜ਼ਰੂਰੀ ਸੀ। ਇਸ ਹਵਾਲੇ ਵਿਚ ਦਿੱਤੇ ਮਾਮਲੇ ਵਿਚ, ਲੋਕਾਂ ਨੇ ਕਾਰੋਬਾਰੀ ਗਤੀਵਿਧੀਆਂ ਵਿਚ ਲਗ ਕੇ ਸ਼ਰ੍ਹਾ ਨੂੰ ਤੋੜਿਆ ਸੀ।

**ਆਇਤਾਂ 15, 16.** *ਮੁਸ਼ਕਿਲ।* ਨਹਮਯਾਹ ਨੇ ਹਾਲਾਤ ਦਾ ਜਾਇਜ਼ਾ ਲਿਆ। ਕੁਝ ਯਹੂਦੀ **ਸੱਬਤ ਦੇ ਦਿਨ** ਚੀਜ਼ਾਂ ਬਣਾ ਰਹੇ (**ਅੰਗੂਰਾਂ ਨੂੰ ਚੁਬੱਚਿਆਂ ਵਿਚ ਪੀੜਦੇ**), ਚੀਜ਼ਾਂ ਇੱਧਰ ਉੱਧਰ ਲਿਜਾ ਰਹੇ (**ਭਰੀਆਂ**, **ਮੈ**, **ਅੰਗੂਰ ਅਤੇ ਅੰਜੀਰ**) ਅਤੇ ਇਨ੍ਹਾਂ ਚੀਜ਼ਾਂ ਨੂੰ **ਯਰੂਸ਼ਲਮ** ਵਿਚ ਵੇਚ ਰਹੇ ਸਨ (13:15)। ਜੇ ਉਹ ਇਹ ਦਲੀਲ ਦੇ ਕੇ ਕਿ ਸੱਬਤ ਵਾਲੇ ਦਿਨ ਬੀਜ ਜਾਂ ਵੱਢ ਨਹੀਂ ਰਹੇ ਅਤੇ ਇਸ ਕਰਕੇ ਉਹ ਸ਼ਰ੍ਹਾ ਨੂੰ ਤੋੜ ਨਹੀਂ ਰਹੇ, ਬਹਾਨਾ ਬਣਾਉਣ ਦੀ ਕੋਸ਼ਿਸ਼ ਕਰਦੇ, ਤਾਂ ਨਹਮਯਾਹ ਨੇ ਉਨ੍ਹਾਂ ਨੂੰ ਸਾਫ਼-ਸਾਫ਼ ਆਖ ਦਿੱਤਾ ਕਿ ਉਹ ਗਲਤ ਸਨ।

ਇਸ ਤੋਂ ਇਲਾਵਾ **ਸੂਰ** ਦੇ ਵਪਾਰੀ **ਸੱਬਤ** ਵਾਲੇ ਦਿਨ ਤਾਜ਼ਾ ਜਾਂ ਲੂਣ ਲੱਗੀ **ਮੱਛੀ** ਵੇਚ ਰਹੇ ਸਨ (13:16; 3:3 ਤੇ ਟਿੱਪਣੀਆਂ ਵੇਖੋ)। ਯਹੂਦੀਆਂ ਨੂੰ ਪਤਾ ਸੀ ਕਿ ਸ਼ਰ੍ਹਾ ਗੈਰਕੌਮਾਂ ਉੱਤੇ ਲਾਗੂ ਨਹੀਂ ਹੁੰਦੀ, ਇਸ ਕਰਕੇ ਉਨ੍ਹਾਂ ਨੇ ਸਤਵੇਂ ਦਿਨ ਵੇਚਣ ਲਈ ਸੂਰ ਦੇ ਲੋਕਾਂ ਦੇ ਹੱਕ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ; ਪਰ ਨਹਮਯਾਹ ਇਸ ਗੱਲ ਨੂੰ ਸਮਝਦਾ ਸੀ ਕਿ ਜੇ ਸੂਰ ਦਾ ਕੋਈ ਬੰਦਾ **ਯਰੂਸ਼ਲਮ ਵਿਚ** ਚੀਜ਼ਾਂ ਵੇਚ ਰਿਹਾ ਹੈ, ਤਾਂ ਯਹੂਦੀ ਉਨ੍ਹਾਂ ਤੋਂ ਖ਼ਰੀਦ ਰਹੇ ਸਨ। ਜੇ ਖ਼ੁਦਾ ਦੇ ਲੋਕ ਇਨ੍ਹਾਂ ਕਾਰੋਬਾਰੀ ਸੌਦਿਆਂ ਵਿਚ ਸ਼ਾਮਿਲ ਸਨ, ਤਾਂ ਉਹ ਕੰਮ ਕਰ ਰਹੇ ਸਨ ਅਤੇ ਸੱਬਤ ਦੇ ਨਿਯਮ ਨੂੰ ਤੋੜ ਰਹੇ ਸਨ (ਵੇਖੋ 10:31)।

**ਆਇਤਾਂ 17-22.** *ਹੱਲ।* ਇਸ ਮੁਸ਼ਕਿਲ ਲਈ ਨਹਮਯਾਹ ਦੇ ਹੱਲ ਲਈ ਤਿੰਨ ਗੱਲਾਂ ਸਨ। ਪਹਿਲਾਂ, ਉਸ ਨੇ ਯਹੂਦੀਆਂ ਦੇ ਆਗੂਆਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਦੱਸੀ, ਜਾਂ ਬਾਰ-ਬਾਰ ਸਮਝਾਇਆ। ਉਸ ਨੇ ਉਨ੍ਹਾਂ ਦੀ ''ਗਵਾਹੀ ਲਈ'' (13:15) ਅਤੇ **ਝਗੜਾ** ਕੀਤਾ, ਇਕ ਅਰਥ ਵਿਚ ਉਨ੍ਹਾਂ ਨੂੰ ਝਿੜਕਿਆ ਕਿਉਂ ਜੋ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਾਲ ਨਹੀਂ ਨਿਭਾ ਸਕੇ ਸਨ। ਉਸ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ **ਸੱਬਤ ਦੇ ਦਿਨ** ਇਨ੍ਹਾਂ ਕਾਰੋਬਾਰੀ ਗਤੀਵਿਧੀਆਂ ਨੂੰ ਨਹੀਂ ਹੋਣ ਦੇਣਾ ਚਾਹੀਦਾ (13:17)। ਇਹ ਉਮੀਦ ਕਰਕੇ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਇਸ ਤਰ੍ਹਾਂ ਨਾਲ ਦੁਬਾਰਾ ਨਹੀਂ ਹੋਣ ਦੇਣਗੇ, ਉਸ ਨੇ ਲੀਡਰਾਂ ਨਾਲ ਸਖ਼ਤੀ ਨਾਲ ਗੱਲ ਕੀਤੀ। ਉਸ ਨੇ ਸਮਝਾਇਆ ਕਿ ਉਨ੍ਹਾਂ ਨੂੰ ਸੱਬਤ ਦੇ ਦਿਨ ਦੇ ਵਪਾਰੀਕਰਣ ਤੋਂ ਰਾਖੀ ਕਿਉਂ ਕਰਨੀ ਚਾਹੀਦੀ ਹੈ: ਅਜਿਹੇ ਅਪਰਾਧਾਂ ਕਰਕੇ ਖ਼ੁਦਾ ਨੇ ਪਿਛਲੇ ਸਮੇਂ ਵਿਚ ਕੌਮ ਨੂੰ ਬਰਬਾਦ ਕਰਕੇ ਲੋਕਾਂ ਨੂੰ ਅਸੀਰੀ ਵਿਚ ਘੱਲਿਆ ਸੀ। ਲੀਡਰ ਬੇਸ਼ੱਕ ਆਪਣੇ ਇਤਹਾਸ ਤੋਂ ਜਾਣੂ ਸਨ, **ਤਦ ਵੀ** ਨਹਮਯਾਹ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ **ਸੱਬਤ ਦੇ ਦਿਨ ਨੂੰ ਭਰਿਸ਼ਟ ਕਰ ਕੇ ਇਸਰਾਏਲ ਉੱਤੇ ਕਹਿਰ ਨੂੰ ਬਹੁਤ ਕਰ ਰਹੇ ਸਨ** (13:18)।

ਦੂਜਾ, ਉਸ ਨੇ **ਸੱਬਤ** ਵਾਲੇ ਦਿਨ ਖ਼ਰੀਬ-ਫ਼ਰੋਖ਼ਤ ਕੀਤੇ ਜਾਣ ਨੂੰ ਬੰਦ ਕਰਨ ਦੀ ਕਾਰਵਾਹੀ ਕੀਤੀ। ਉਸ ਨੇ ਹੁਕਮ ਦਿੱਤਾ ਕਿ ਸੱਬਤ ਵਾਲੇ ਦਿਨ ਸ਼ਹਿਰ ਦੇ **ਫਾਟਕ** ਬੰਦ ਕਰਕੇ ਉਨ੍ਹਾਂ ਨੂੰ ਤਾਲਾ ਲਾਇਆ ਜਾਵੇ (13:19)। ਸ਼ੁੱਕਰਵਾਰ ਸੂਰਜ ਢਲਣ ਤੋਂ ਸਨਿੱਚਰਵਾਰ ਸੂਰਜ ਢਲਣ ਤਕ ਬੰਦ ਸ਼ਹਿਰ ਹੋਣ ਕਰਕੇ **ਸੌਦਾਗਰ** ਸ਼ਹਿਰ ਵਿਚ ਆਪਣਾ ਸਮਨ ਵੇਚਣ ਲਈ ਨਹੀਂ ਲਿਆ ਸਕਦੇ ਸਨ।

ਤੀਜਾ ਉਸਨੇ ਇਹ ਯਕੀਨੀ ਬਣਾਉਣ ਲਈ ਕਿ ਵਰਜੀਆਂ ਗਈਆਂ ਗਤੀਵਿਧੀਆਂ ਬੰਦ ਹੀ ਰਹਿਣ, ਆਪਣੀ ਪਹਿਲੀ ਕਾਰਵਾਹੀ ਦੀ ਪੈਰਵੀ ਕੀਤੀ। ਜਦ ਉਸ ਨੇ ਵੇਖਿਆ ਕਿ ਗੈਰਕੌਮ ਲੋਕ **ਸੌਦਾ ਵੇਚਣ ਵਾਲੇ** ਸ਼ਹਿਰ ਦੇ ਫਾਟਕਾਂ ਦੇ **ਮਦਾਨ ਵਿਚ** ਰੁਕ ਰਹੇ ਸਨ (13:20), ਇਹ ਉਮੀਦ ਕਰਕੇ ਕਿ ਯਹੂਦੀ ਲੋਕ ਉਨ੍ਹਾਂ ਤੋਂ ਖਰੀਦਣ ਲਈ ਬਾਹਰ ਆਉਣਗੇ (ਕਿਉਂ ਜੋ ਵੇਚਣ ਲਈ ਯਹੂਦੀਆਂ ਕੋਲ ਨਹੀਂ ਜਾ ਸਕਦੇ ਸਨ), ਤਾਂ ਉਸ ਨੇ ਉਨ੍ਹਾਂ ਨੂੰ ਚਲੇ ਜਾਣ ਲਈ ਆਖਿਆ।

ਨਹਮਯਾਹ ਨੇ **ਉਨ੍ਹਾਂ ਦੇ ਵਿਰੁੱਧ ਗਵਾਹੀਆਂ ਲਈਆਂ** (*'ud*, *ਉਡ*) ਜਾਂ ਉਨ੍ਹਾਂ ਨੂੰ ''ਚਿਤਾਵਨੀ

ਦਿੱਤੀ।'' ਉਸਨੇ ਉਨ੍ਹਾਂ ਨੂੰ ਧਮਕਾਇਆ ਕਿ ਜੇ ਉਹ ਨਹੀਂ ਹਟਦੇ ਤਾਂ ਉਹਨੂੰ ਉਨ੍ਹਾਂ **ਉੱਤੇ ਹੱਥ** ਚੁਕਣਾ ਪਵੇਗਾ। ਉਸ ਤੋਂ ਬਾਅਦ **ਓਹ ਫੇਰ ਸੱਬਤ ਦੇ ਦਿਨ ਨਾ ਆਏ** (13:21)। ਉਸ ਨੇ ਆਪਣੇ **ਜਵਾਨਾਂ** (13:19) ਅਤੇ **ਲੇਵੀਆਂ ਨੂੰ ਸੱਬਤ ਦੇ ਦਿਨ ਫਾਟਕਾਂ ਦੀ ਰਾਖੀ** ਲਈ ਲਾਇਆ (13:22), ਇਹ ਮੰਨਦਿਆਂ ਕਿ ਇਹ ਲੋਕ ਪਹਿਲਾਂ ਵਾਲੇ ਉਨ੍ਹਾਂ ਪਹਿਰੇਦਾਰਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੋਣਗੇ ਕਿ ਵਪਾਰੀਆਂ ਨੂੰ ਉਸ ਦੇ ਸ਼ਹਿਰ ਤੋਂ ਦੂਰ ਰੱਖਣ।

ਨਹਮਯਾਹ ਨੇ ਯਹੋਵਾਹ ਨੂੰ ਫੇਰ ਉਸ ਨੂੰ **ਚੇਤੇ** ਰੱਖਣ ਲਈ ਆਖਿਆ, ਇਸ ਵਾਰ ਉਸ ਨੇ ਯਹੋਵਾਹ ਨੂੰ ਉਸ ਉੱਤੇ ਰਹਿਮ ਕਰਨ ਲਈ ਬੇਨਤੀ ਕੀਤੀ। ਇਹ ਬੇਨਤੀ ਉਹ ਆਪਣੀ ਭਲਿਆਈ ਦੇ ਅਧਾਰ ਤੇ ਨਹੀਂ ਬਲਕਿ ਯਹੋਵਾਹ ਦੀ ਆਪਣੀ **ਬਹੁਤੀ ਦਯਾ** ਅਤੇ **ਤਰਸ** ਦੇ ਅਧਾਰ ਤੇ ਕਰ ਰਿਹਾ ਸੀ। ਨਹਮਯਾਹ ਨੂੰ ਪਤਾ ਸੀ ਕਿ ਉਸਦੀ ਮੁਕਤੀ ਖ਼ੁਦਾ ਦੀ ਮੇਹਰ ਉੱਤੇ ਟਿਕੀ ਹੈ!

**ਰਲੇ ਮਿਲੇ ਵਿਆਹਾਂ ਦੀ ਮਨਾਹੀ ਕੀਤੀ ਗਈ** (13:23-29)

**23ਨਾਲੇ ਉਨ੍ਹਾਂ ਦਿਨਾਂ ਵਿਚ ਮੈਂ ਇਹ ਵੀ ਵੇਖਿਆ ਕਿ ਯਹੂਦੀਆਂ ਨੇ ਅਸ਼ਦੋਦੀ ਅਰ ਅੰਮੋਨੀ
ਅਤੇ ਮੋਆਬੀ ਤੀਵੀਆਂ ਨੂੰ ਵਸਾ ਲਿਆ ਸੀ 24ਉਨ੍ਹਾਂ ਦੇ ਬੱਚੇ ਅੱਧੀ ਅਸ਼ਦੋਦੀ ਬੋਲਦੇ ਸਨ ਅਤੇ ਓਹ
ਯਹੂਦੀ ਬੋਲੀ ਨਹੀਂ ਬੋਲ ਸਕਦੇ ਸਨ ਪਰ ਦੂਜੇ ਲੋਕਾਂ ਦੀ ਬੋਲੀ 25ਮੈਂ ਉਨ੍ਹਾਂ ਨਾਲ ਝਗੜਿਆ ਅਤੇ
ਉਨ੍ਹਾਂ ਨੂੰ ਫਿਟਕਾਰਿਆ ਅਤੇ ਉਨ੍ਹਾਂ ਵਿੱਚੋਂ ਕਈਆਂ ਨੂੰ ਮਾਰਿਆ ਅਤੇ ਉਨ੍ਹਾਂ ਦੇ ਵਾਲ ਪੁੱਟੇ ਅਤੇ ਉਨ੍ਹਾਂ
ਨੂੰ ਪਰਮੇਸ਼ੁਰ ਦੀ ਸਹੁੰ ਖੁਆਈ ਕਿ ਤੁਸਾਂ ਆਪਣੀਆਂ ਧੀਆਂ ਉਨ੍ਹਾਂ ਦੇ ਪੁੱਤਰਾਂ ਨੂੰ ਨਾ ਦੇਣੀਆਂ ਅਤੇ ਨਾ
ਆਪਣਿਆਂ ਪੁੱਤਰਾਂ ਲਈ ਅਤੇ ਨਾ ਆਪਣੇ ਲਈ ਉਨ੍ਹਾਂ ਦੀਆਂ ਧੀਆਂ ਲੈਣੀਆਂ 26ਕੀ ਇਸਰਾਏਲ ਦੇ
ਰਾਜਾ ਸੁਲੇਮਾਨ ਨੇ ਇਨ੍ਹਾਂ ਹੀ ਗੱਲਾਂ ਵਿਚ ਪਾਪ ਨਹੀਂ ਕੀਤਾ? ਭਾਵੇਂ ਬਹੁਤੀਆਂ ਕੌਮਾਂ ਵਿਚ ਉਹ ਦੇ
ਵਰਗਾ ਕੋਈ ਰਾਜਾ ਨਹੀਂ ਸੀ ਜੋ ਆਪਣੇ ਪਰਮੇਸ਼ੁਰ ਦਾ ਪਿਆਰਾ ਸੀ ਅਤੇ ਪਰਮੇਸ਼ੁਰ ਨੇ ਉਹ ਨੂੰ ਸਾਰੇ
ਇਸਰਾਏਲ ਉੱਤੇ ਪਾਤਸ਼ਾਹੀ ਦਿੱਤੀ ਤਾਂ ਵੀ ਓਪਰੀਆਂ ਤੀਵੀਆਂ ਨੇ ਉਸ ਕੋਲੋਂ ਪਾਪ ਕਰਵਾਇਆ
27ਕੀ ਅਸੀਂ ਤੁਹਾਡੀ ਸੁਣ ਕੇ ਐਡੀ ਵੱਡੀ ਬੁਰਿਆਈ ਕਰੀਏ ਕਿ ਓਪਰੀਆਂ ਤੀਵੀਆਂ ਨੂੰ ਵੱਸਾ ਕੇ
ਆਪਣੇ ਪਰਮੇਸ਼ੁਰ ਦੇ ਵਿਰੁੱਧ ਬੇਈਮਾਨੀ ਕਰੀਏ? 28ਅਤੇ ਅਲਯਾਸ਼ੀਬ ਸਰਦਾਰ ਜਾਜਕ ਦੇ ਪੁੱਤਰ
ਯੋਯਾਦਆ ਦੀ ਵੰਸ ਵਿੱਚੋਂ ਹੋਰੋਨੀ ਸਨਬੱਲਟ ਦਾ ਜਵਾਈ ਸੀ, ਇਸ ਲਈ ਮੈਂ ਉਹ ਨੂੰ ਆਪਣੇ ਕੋਲੋਂ
ਨੱਠਾ ਦਿੱਤਾ 29ਹੇ ਮੇਰੇ ਪਰਮੇਸ਼ੁਰ, ਉਨ੍ਹਾਂ ਨੂੰ ਚੇਤੇ ਕਰ ਕਿ ਉਨ੍ਹਾਂ ਨੇ ਜਾਜਕਾਈ ਨੂੰ ਅਤੇ ਜਾਜਕਾਈ
ਅਤੇ ਲੇਵੀਆਂ ਦੇ ਨੇਮ ਨੂੰ ਭਰਿਸ਼ਟ ਕੀਤਾ ਹੈ।**

ਇਕ ਹੋਰ ਪਰੇਸ਼ਾਨੀ ਜਿਸ ਨਾਲ ਨਹਮਯਾਹ ਨੇ ਨਜਿੱਠਿਆ ਉਹ ਬੁੱਤਪ੍ਰਸਤ ਔਰਤਾਂ ਨਾਲ ਵਿਆਹਾਂ ਦਾ ਮੁੱਦਾ ਸੀ।

**ਆਇਤਾਂ 23, 24.** *ਮੁਸ਼ਕਿਲ।* ਨਹਮਯਾਹ ਨੂੰ ਪਤਾ ਲੱਗਾ ਕਿ ਕੁਝ **ਯਹੂਦੀਆਂ ਨੇ** ਬਾਹਰੀ ਕੌਮਾਂ ਤੋਂ **ਤੀਵੀਂਆਂ ਨੂੰ ਵਸਾ ਲਿਆ** ਸੀ। ਉਸ ਨੇ **ਅਸ਼ਦੋਦੀ, ਅੰਮੋਨੀ ਅਤੇ ਮੋਆਬੀ ਤੀਵੀਂਆਂ** ਦਾ ਜ਼ਿਕਰ ਕੀਤਾ। ਪਰ ਹੋ ਸਕਦਾ ਹੈ ਕਿ ਯਹੂਦਾਹ ਦੇ ਬੰਦਿਆਂ ਨੇ ਹੋਰਨਾਂ ਕੌਮਾਂ ਦੀਆਂ ਤੀਵੀਂਆਂ ਵੀ ਵਿਆਹੀਆਂ ਹੋਣ (13:23)।

ਇਨ੍ਹਾਂ ਰਲੇ ਮਿਲੇ ਵਿਆਹਾਂ ਨਾਲ ਹੋਏ ਬਹੁਤ ਸਾਰੇ **ਬੱਚੇ** ਸਿਰਫ਼ **ਅਸ਼ਦੋਦੀ ਬੋਲੀ** ਹੀ ਬੋਲਦੇ ਸਨ।[16] ਪੁਰਾਣੇ ਨੇਮ ਵਿਚ ''ਅਸ਼ਦੋਦ'' ਨਾਂਅ ਫ਼ਲਸਤੀਆਂ ਦੇ ਇਕ ਪ੍ਰਮੁੱਖ ਸ਼ਹਿਰ ਨੂੰ ਵਿਖਾਉਂਦਾ ਹੈ, ਪਰ ਇੱਥੇ ਯਹੂਦਾਹ ਦੇ ਦੱਖਣ ਵੱਲ ਪੂਰੇ ਫ਼ਾਰਸੀ ਸੂਬੇ ਲਈ ਵਰਤਿਆ ਗਿਆ ਹੈ (ਵੇਖੋ 4:7)। ਇਨ੍ਹਾਂ ਰਲੇ ਮਿਲੇ ਵਿਆਹਾਂ ਤੋਂ ਹੋਏ ਬੱਚੇ ਆਪਣੀਆਂ ਮਾਵਾਂ ਦੀ ਬੋਲੀ ਤਾਂ ਬੋਲ ਸਕਦੇ ਸਨ, ਪਰ ਉਹ **ਯਹੂਦੀ ਬੋਲੀ** ਨਹੀਂ ਬੋਲ ਸਕਦੇ ਸਨ (13:24; ਵੇਖੋ 2 ਰਾਜਿਆਂ 18:26, 28)। ਦੂਜੇ ਸ਼ਬਦਾਂ

ਵਿਚ, ਉਨ੍ਹਾਂ ਨੂੰ ਇਬਰਾਨੀ ਭਾਸ਼ਾ ਨਹੀਂ ਆਉਂਦੀ ਸੀ।

ਅੱਜ ਦੇ ਵਿਦਿਆਰਥੀਆਂ ਲਈ ਨਹਮਯਾਹ ਦੀ ਫ਼ਿਕਰ ਨੂੰ ਸਮਝਣਾ ਮੁਸ਼ਕਿਲ ਹੋ ਸਕਦਾ ਹੈ। ਯਹੂਦੀਆਂ (ਜਾਂ ਇਸਰਾਏਲੀਆਂ) ਦਾ ਧਰਮ ਇਕ ਵੱਖਰੀ ਕੌਮ (ਖ਼ੁਦਾ ਦੀ ਕੌਮ) ਵਜੋਂ ਆਪਣੀ ਪਛਾਣ ਨਾਲ ਨਜ਼ਦੀਕੀ ਨਾਲ ਜੁੜਿਆ ਹੋਇਆ ਸੀ, ਅਤੇ ਉਨ੍ਹਾਂ ਦੀ ਪਛਾਣ ਉਨ੍ਹਾਂ ਦੀ ਬੋਲੀ ਨਾਲ ਜੁੜੀ ਹੋਈ ਸੀ। ਜੇ ਉਨ੍ਹਾਂ ਦੀ ਪਛਾਣ ਖ਼ਤਮ ਹੋ ਜਾਂਦੀ ਅਤੇ ਉਹ ਵੱਖੋ ਵੱਖ ਕੌਮਾਂ ਅਤੇ ਬੋਲੀਆਂ ਬੋਲਣ ਵਾਲਾ ਇਕ ਬੇਕਾਇਦਾ ਗੁੱਟ ਬਣ ਜਾਣਾ ਸੀ, ਤਾਂ ਉਨ੍ਹਾਂ ਦਾ ਧਰਮ ਵੀ ਵੱਖੋ ਵਖ ਵਿਸ਼ਵਾਸਾਂ ਦਾ ਇਕ ਰਲ਼ਾ ਬਣ ਜਾਣਾ ਸੀ। ਡੀ. ਜੇ. ਏ. ਕਲਾਈਨਜ਼ ਦੇ ਮੁਤਾਬਕ ਨਹਮਯਾਹ ਨੇ ''ਰਲੇ ਮਿਲੇ ਵਿਆਹਾਂ ਦੇ ਬਣੇ ਰਹਿਣ ਨੂੰ ਬਰਾਦਰੀ ਦੇ ਵਜੂਦ ਦੇ ਖ਼ਤਰੇ (ਤੁਲਨਾ ਆਇਤ 18) ਅਤੇ ਖ਼ੁਦਾ ਨਾਲ ਬੇਈਮਾਨੀ ਦੇ ਕੰਮ ਵਜੋਂ (ਆਇਤ 27)'' ਵੇਖਿਆ।[17] ਯਕੀਨਨ ਹੀ, ਬਾਹਰੀ (ਕਿਸੇ ਹੋਰ ਵਿਸ਼ਵਾਸ ਵਾਲਿਆਂ ਨਾਲ) ਵਿਆਹ ਕਰਨਾ ਇਕ ਵੱਡਾ ਖ਼ਤਰਾ ਸੀ!

**ਆਇਤਾਂ 25-28.** *ਹੱਲ*/ਨਹਮਯਾਹ ਨੇ ਦੁਚਿੱਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ। ਉਹ ਉਲੰਘਣਾ ਕਰਨ ਵਾਲਿਆਂ **ਨਾਲ ਝਗੜਿਆ**। ਇਬਰਾਨੀ ਸ਼ਬਦ (*rib*, *ਰਿਬ*) ਅਦਾਲਤ ਦੇ ਨਜ਼ਾਰੇ ਦੀ ਝਲਕ ਦੇ ਸਕਦਾ ਹੈ। ਨਹਮਯਾਹ ਨੇ ਉਲੰਘਣਾ ਕਰਨ ਵਾਲਿਆਂ ਨੂੰ ਇਕ ਇਕ ਕਰਕੇ ਆਪਣੇ ਸਾਹਮਣੇ ਲਿਆਂਦਾ, ਸ਼ਾਇਦ ਯਹੂਦੀਆਂ ਦੇ ਦੂਜੇ ਆਗੂਆਂ ਦੀ ਮੌਜੂਦਗੀ ਵਿਚ। ਉਸ ਨੇ ਉਨ੍ਹਾਂ ਉੱਤੇ ਗਲਤ ਹੋਣ ਦਾ ਇਲਜ਼ਾਮ ਲਾਇਆ ਅਤੇ ਉਨ੍ਹਾਂ ਦੇ ਖ਼ਿਲਾਫ਼ ਆਪਣੀ ਗੱਲ ਸਾਬਿਤ ਕੀਤੀ। ਉਸ ਨੇ ਜਵਾਬ ਦੇਣ ਦਾ ਜਾਂ ਘੱਟੋ-ਘੱਟ ਆਪਣੀ ਗਲਤੀ ਮੰਨ ਲੈਣ ਦਾ ਇਕ ਮੌਕਾ ਦਿੱਤਾ ਹੋਵੇਗਾ।

ਉਸਨੇ ਉਨ੍ਹਾਂ ਨੂੰ ਉਹ ਸਹੁੰ ਯਾਦ ਕਰਵਾ ਕੇ ਜਿਹੜੀ ਉਨ੍ਹਾਂ ਨੇ ਖ਼ੁਦਾ ਅੱਗੇ ਖਾਧੀ ਸੀ **ਉਨ੍ਹਾਂ ਨੂੰ ਫਿਟਕਾਰਿਆ**। ਉਸਨੇ ਖ਼ੁਦਾ ਨੂੰ ਉਨ੍ਹਾਂ ਨੂੰ ਸਰਾਪ ਦੇਣ ਲਈ ਆਖਿਆ ਕਿਉਂ ਜੋ ਉਨ੍ਹਾਂ ਨੇ ਆਪਣੀ ਸਹੁੰ ਤੋੜੀ ਸੀ। ਉਨ੍ਹਾਂ ਦੀ ਸਹੁੰ ਵਿਚ ਕਿਹਾ ਗਿਆ ਸੀ ਕਿ ਜੇ ਉਹ ਆਪਣੇ ਵਾਅਦੇ ਤੋਂ ਮੁੱਕਰਣ ਤਾਂ ਖ਼ੁਦਾ ਉਨ੍ਹਾਂ ਨੂੰ ਸਰਾਪ ਦੇ ਦਏ (ਵੇਖੋ 10:29)।

ਉਸ ਨੇ **ਉਨ੍ਹਾਂ ਵਿੱਚੋਂ ਕਈਆਂ ਨੂੰ ਮਾਰਿਆ ਅਤੇ ਉਨ੍ਹਾਂ ਦੇ ਵਾਲ** ਵੀ **ਪੁੱਟੇ**। ਇਹ ਸਜ਼ਾ ਦੇਣ ਲਈ ਉਸਨੇ ਆਪਣੇ ਕੁਝ ਸੇਵਕਾਂ ਨੂੰ ਹੁਕਮ ਦਿੱਤਾ ਹੋਵੇਗਾ। ਬੇਸ਼ੱਕ ਉਸ ਨੇ ਇਹ ਸ਼ਖ਼ਤ ਕਦਮ ਪੁੱਟੇ ਜਦ ਅਤੇ ਜੇ ਉਹ ਬੰਦੇ ਜਿਨ੍ਹਾਂ ਨਾਲ ਉਹ ''ਝਗੜਿਆ'' ਅਤੇ ਜਿਨ੍ਹਾਂ ਨੂੰ ਉਸ ਨੇ ''ਸਰਾਪ ਦਿੱਤਾ'' ਨੇ ਕੋਈ ਪਛਤਾਵਾ ਨਾ ਵਿਖਾਇਆ ਅਤੇ ਉਹਦੇ ਨਾਲ ਬਹਿਸ ਕਰਨ ਲੱਗੇ ਕਿ ਉਨ੍ਹਾਂ ਦੇ ਸ਼ਰਮਿੰਦਾ ਹੋਣ ਵਾਲੀ ਕੋਈ ਗੱਲ ਨਹੀਂ ਸੀ। ਅਜਿਹੇ ਮਾਮਲਿਆਂ ਵਿਚ, ਉਸ ਨੇ ਉਨ੍ਹਾਂ ਨੂੰ ਗੋਡਿਆਂ ਭਾਰ ਲਿਆਉਣ ਅਤੇ ਉਨ੍ਹਾਂ ਦੇ ਅਪਰਾਧਾਂ ਦੀ ਗੰਭੀਰਤਾ ਨੂੰ ਵਿਖਾਉਣ ਲਈ, ਹਾਕਮ ਦੇ ਤੌਰ ਤੇ ਆਪਣੇ ਇਖ਼ਤਿਆਰ ਨਾਲ, ਸਰੀਰਕ ਬਲ ਦੀ ਵਰਤੋਂ ਕੀਤੀ।

ਨਹਮਯਾਹ ਨੇ ਗਲਤੀ ਕਰਨ ਵਾਲਿਆਂ ਤੋਂ ਇਹ **ਸਹੁੰ** ਖੁਆਉਣ ਲਈ ਕਿ ਉਹ ਇਸ ਗੱਲ ਵਿਚ ਮੂਸਾ ਦੀ ਸ਼ਰ੍ਹਾ ਨੂੰ ਮੰਨਣਗੇ, ਇਹ ਸਖ਼ਤ ਕਾਰਵਾਹੀਆਂ ਕੀਤੀਆਂ। ਮਤਲਬ ਇਹ ਕਿ ਉਸ ਨੇ ਉਨ੍ਹਾਂ ਤੋਂ ਵਾਅਦਾ ਲਿਆ ਕਿ ਉਹ ਵਿਦੇਸ਼ੀ ਤੀਵੀਂਆਂ ਨੂੰ ਨਹੀਂ ਵਿਆਹੁਣਗੇ ਜਾਂ ਆਪਣੀਆਂ **ਧੀਆਂ** ਵਿਦੇਸ਼ੀਆਂ ਨੂੰ ਨਹੀਂ ਦੇਣਗੇ (13:25)। ਸੰਭਵ ਤੌਰ ਤੇ ਉਹ ਉਨ੍ਹਾਂ ਦੀ ਸਜ਼ਾ ਤੋਂ ਦੂਜਿਆਂ ਨੂੰ ਸਬਕ ਦੇਣਾ ਚਾਹੁੰਦਾ ਸੀ।

ਜੋ ਕੁਝ ਨਹਮਯਾਹ ਨੇ ਕੀਤਾ ਉਸ ਨਾਲੋਂ ਵੀ ਅਹਿਮ ਸ਼ਇਦ ਉਹ ਹੈ ਜੋ ਉਸ ਨੇ ਨਹੀਂ ਕੀਤਾ। ਅਜ਼ਰਾ ਵਾਂਗ ਉਸ ਨੇ ਯਹੂਦੀ ਆਦਮੀਆਂ ਤੋਂ ਆਪਣੀਆਂ ਵਿਦੇਸ਼ੀ ਪਤਨੀਆਂ ਨੂੰ ਤਲਾਕ ਨਹੀਂ ਦੁਆਏ। ਕਿਉਂ ਨਹੀਂ? (1) ਕਈਆਂ ਨੇ ਅੰਦਾਜ਼ਾ ਲਾਇਆ ਹੈ ਕਿ ਉਹਨੂੰ ਸਮਝ ਆ ਗਈ ਕਿ ਅਜ਼ਰਾ ਦਾ ਤਰੀਕਾ ਕੰਮ ਨਹੀਂ ਆਇਆ (ਕਿਉਂ ਜੋ ਮੁਸ਼ਕਿਲ ਫੇਰ ਖੜੀ ਹੋ ਗਈ) ਸੀ, ਇਸ ਕਰਕੇ ਉਸ ਨੇ ਹਾਲਾਤ ਨਾਲ ਨਜਿੱਠਣ ਦਾ ਇਕ ਵੱਖਰਾ ਤਰੀਕਾ ਈਜਾਦ ਕੀਤਾ। (2) ਇਕ ਹੋਰ ਸੰਭਾਵਨਾ ਇਹ

ਹੈ ਕਿ ਮੁਸ਼ਕਿਲ ਤਾਂ ਹੈ ਸੀ, ਪਰ ਇਹ ਪਹਿਲਾਂ ਜਿੰਨੀ ਨਹੀਂ ਸੀ।[18] ਅਤੇ ਇਹਦੇ ਲਈ ਉਹ ਸਖ਼ਤ ਕਦਮ ਪੁੱਟਣ ਦੀ ਲੋੜ ਨਹੀਂ ਸੀ ਜਿਹੜੇ ਪਹਿਲਾਂ ਪੁੱਟੇ ਗਏ ਸਨ। (3) ਇਕ ਹੋਰ ਸੰਭਾਵਨਾ ਇਹ ਹੈ ਕਿ ਇਕ ਆਮ ਆਦਮੀ ਦੇ ਰੂਪ ਵਿਚ ਨਹਮਯਾਹ ਕੋਲ ਉਹੀ ਇਖ਼ਤਿਆਰ ਨਹੀਂ ਸੀ ਜਿਹੜਾ ਅਜ਼ਰਾ ਕੋਲ ਸੀ, ਇਸ ਕਰਕੇ ਉਹ ਲੋਕਾਂ ਤੋਂ ਆਪਣੀਆਂ ਤੀਵੀਂਆਂ ਨੂੰ ਤਲਾਕ ਨਾ ਦੁਆ ਸਕਿਆ। (4) ਨਹਮਯਾਹ ਨੂੰ ਉਮੀਦ ਹੋਵੇਗੀ ਕਿ ਉਹਦੇ ਵੱਲੋਂ ਪੁੱਟੇ ਕਦਮਾਂ ਦੇ ਨਤੀਜੇ ਵੀ ਉਹੀ ਹੋਣਗੇ ਜਿਹੜੇ ਅਜ਼ਰਾ ਦੀ ਕਾਰਵਾਹੀ ਦੇ ਹੋਏ ਸਨ। ਸ਼ਾਇਦ ਅਪਰਾਧ ਕਰਨ ਵਾਲਿਆਂ ਨੂੰ ਇਹ ਸਮਝ ਸੀ ਕਿ ਜੇ ਉਹ ਆਪਣੀਆਂ ਤੀਵੀਆਂ ਨੂੰ ਤਲਾਕ ਦੇ ਕੇ ਆਪਣੀ ਹਾਲਤ ਨੂੰ ਸੁਧਾਰਦੇ ਨਹੀਂ ਤਾਂ ਉਨ੍ਹਾਂ ਨੂੰ ਮਾਰ ਪੈਂਦੇ ਰਹਿਣ ਦਾ ਖ਼ਤਰਾ ਬਣਿਆ ਰਹਿਣਾ ਸੀ। ਬੇਸ਼ੱਕ, ਸ਼ਰ੍ਹਾ ਵਿਚ ਇਸਰਾਏਲੀਆਂ ਨੂੰ ਵਿਦੇਸ਼ੀ ਤੀਵੀਂਆਂ ਨੂੰ ਤਲਾਕ ਦੇਣ ਲਈ ਨਹੀਂ ਕਿਹਾ ਗਿਆ, ਇਸ ਕਰਕੇ ਨਹਮਯਾਹ ਉੱਤੇ ਉਨ੍ਹਾਂ ਨੂੰ ਤਲਾਕ ਦੇਣ ਲਈ ਨਾ ਕਹਿਣ ਨਾਲ ਸ਼ਰ੍ਹਾ ਨੂੰ ਤੋੜਨ ਦਾ ਇਲਜ਼ਾਮ ਨਹੀਂ ਲਗ ਸਕਦਾ।

ਲੋਕਾਂ ਨੂੰ ਰਲੇ ਮਿਲੇ ਵਿਆਹਾਂ ਦੀ ਸਚਿਆਈ ਬਾਰ–ਬਾਰ ਦੱਸ ਕੇ ਨਹਮਯਾਹ ਨੇ ਯਹੂਦੀਆਂ ਦੇ ਅਪਰਾਧ ਨੂੰ ਸੁਧਾਰਣ ਲਈ ਵਰਤੀ ਗਈ ਤਾਕਤ ਅਤੇ ਕਾਨੂੰਨੀ ਤਰੀਕੇ ਫੇਰ ਤੋਂ ਵਰਤੋਂ ਵਿਚ ਲਿਆਂਦੇ। ਪਿਛਲੇ ਮਾਮਲੇ ਵਿਚ, ਹਾਲਾਤ ਨੂੰ ਸੁਧਾਰਣ ਲਈ ਕੀਤੀਆਂ ਗਈਆਂ ਕਾਰਵਾਹੀਆਂ ਬਾਰੇ ਆਪਣੇ ਸਮਝਾਉਣ ਤੋਂ ਪਹਿਲਾਂ ਉਹਨੇ ਇਤਰਾਜ਼ ਦੱਸਿਆ। ਜਦਕਿ ਇਸ ਵਾਰ ਜ਼ਬਾਨੀ ਸਮਝਾਉਣ ਤੋਂ ਪਹਿਲਾਂ ਕੀਤੀ ਜਾਣ ਵਾਲੀ ਕਰਾਵਾਹੀ ਬਾਰੇ ਮੋਟਾ ਮੋਟਾ ਸਮਝਾ ਦਿੱਤਾ।

ਵਿਦੇਸ਼ੀਆਂ ਨਾਲ ਵਿਆਹ ਦੇ ਵਿਸ਼ੇ ਤੇ ਨਹਮਯਾਹ ਦੇ ਛੋਟੇ ਉਪਦੇਸ਼ ਵਿਚ **ਸੁਲੇਮਾਨ** ਦੀ ਮਿਸਾਲ ਦਿੱਤੀ ਗਈ। ਸੁਲੇਮਾਨ ਭਾਵੇਂ **ਇਸਰਾਏਲ** ਉੱਤੇ ਵੱਡਾ **ਪਾਤਸ਼ਾਹ** ਸੀ ਅਤੇ **ਪਰਮੇਸ਼ੁਰ** ਵੱਲੋਂ ਉਸ ਨੂੰ ਬਰਕਤ ਮਿਲੀ ਸੀ, ਪਰ ਉਹ ਆਪਣੀਆਂ **ਓਪਰੀ** ਪਤਨੀਆਂ ਵੱਲੋਂ **ਪਾਪ** ਤੋਂ ਪ੍ਰਭਾਵਿਤ ਸੀ (13:26; ਵੇਖੋ 1 ਰਾਜਿਆਂ 11:4–8)। ਨਹਮਯਾਹ ਨੇ ਆਪਣੇ ਉਪਦੇਸ਼ ਦੀ ਸਮਾਪਤੀ **ਓਪਰੀਆਂ ਤੀਵੀਂਆਂ ਨੂੰ ਵਸਾ ਕੇ ਆਪਣੇ ਪਰਮੇਸ਼ੁਰ ਦੇ ਵਿਰੁੱਧ ਬੇਈਮਾਨੀ** ਕਰਨ ਦੀ ਗੱਲ ਨਾਲ ਕੀਤੀ (13:27)।

ਇਹਦੇ ਬਾਅਦ ਨਹਮਯਾਹ ਨੇ ਰਲੇ ਮਿਲੇ ਵਿਆਹਾਂ ਦੀ ਇਕ ਉਦਾਹਰਣ ਦੇ ਰੂਪ ਵਿਚ ਅਤੇ ਇਸ ਨੂੰ ਹੱਲ ਕਰਨ ਲਈ ਚੁੱਕੇ ਗਏ ਉਹਦੇ ਤਰੀਕਿਆਂ ਵਿੱਚੋਂ ਇਕ ਦੇ ਰੂਪ ਵਿਚ, ਇਕ ਵਿਸ਼ੇਸ਼ ਮਾਮਲੇ ਦਾ ਹਵਾਲਾ ਦਿੱਤਾ। **ਅਲਯਾਸ਼ੀਬ ਸਰਦਾਰ ਜਾਜਕ ਦੇ ਪੁੱਤਰ ਯੋਯਾਦਆ ਦੀ ਵੰਸ ਵਿੱਚੋਂ** ਕਿਸੇ ਦਾ ਵਿਆਹ **ਸਨਬੱਲਟ** ਦੀ ਧੀ ਨਾਲ ਹੋਇਆ ਹੋਇਆ ਸੀ ਜੋ ਸਾਮਰੀਆ ਦਾ ਹਾਕਮ ਸੀ ਅਤੇ ਯਹੂਦੀਆਂ ਦੇ ਪ੍ਰਮੁੱਖ ਵੱਡੇ ਦੁਸ਼ਮਣਾਂ ਵਿੱਚੋਂ ਸੀ। (2:10, 19)। ਨਹਮਯਾਹ ਨੇ ਹਾਲਾਤ ਨਾਲ ਸਖ਼ਤੀ ਨਾਲ ਨਜਿੱਠਿਆ। ਉਸ ਨੇ ਆਖਿਆ, **ਮੈਂ ਉਹ ਨੂੰ ਆਪਣੇ ਕੋਲੋਂ ਨੱਠਾ ਦਿੱਤਾ** (13:28)।[19]

**ਆਇਤ 29.** ਇਹ ਆਖਦਿਆਂ ਕਿ **ਹੇ ਮੇਰੇ ਪਰਮੇਸ਼ੁਰ, ਉਨ੍ਹਾਂ ਨੂੰ ਚੇਤੇ ਕਰ** ਨਹਮਯਾਹ ਨੇ ਯਹੋਵਾਹ ਨੂੰ ਫੇਰ ਧਿਆਨ ਦੇਣ ਲਈ ਆਖਿਆ। ਆਪਣੇ ਵਿਹਾਰ ਉੱਤੇ ਜ਼ੋਰ ਦੇਣ ਦੀ ਥਾਂ ਉਹ ਬੇਨਤੀ ਕਰ ਰਿਹਾ ਸੀ ਕਿ ਖ਼ੁਦਾ ਅਪਰਾਧੀਆਂ ਨੂੰ ''ਚੇਤੇ'' ਕਰੇ ਅਤੇ ਉਨ੍ਹਾਂ ਨੂੰ ਯੋਗ ਸਜ਼ਾ ਦਵੇ। ਅਜਿਹਾ ਕਰਕੇ ਉਸ ਨੇ **ਜਾਜਕਾਈ ਅਤੇ ਲੇਵੀਆਂ ਦੇ ਨੇਮ** ਦੇ ਪ੍ਰਤੀ ਆਪਣੀ ਡੂੰਘੀ ਚਿੰਤਾ ਵਿਖਾਈ।

## ਆਖ਼ਰੀ ਸਮੀਖਿਆ ਅਤੇ ਦੁਆ (13:30, 31)

**30ਐਉਂ ਹੀ ਮੈਂ ਉਨ੍ਹਾਂ ਨੂੰ ਸਾਰਿਆਂ ਓਪਰਿਆਂ ਵਿੱਚੋਂ ਪਾਕ ਸਾਫ ਕੀਤਾ ਅਤੇ ਜਾਜਕਾਂ ਅਤੇ ਲੇਵੀਆਂ ਲਈ ਹਰ ਇਕ ਦੇ ਕੰਮ ਦੇ ਅਨੁਸਾਰ ਜੁੰਮੇਵਾਰੀਆਂ ਠਹਿਰਾਈਆਂ 31ਨਾਲੇ ਠਹਿਰਾਏ ਹੋਏ ਸਮਿਆਂ ਉੱਤੇ ਲੱਕੜੀ ਦੀਆਂ ਭੇਟਾਂ ਅਤੇ ਪਹਿਲੇ ਫਲਾਂ ਲਈ। ਹੇ ਮੇਰੇ ਪਰਮੇਸ਼ੁਰ, ਭਲਿਆਈ ਲਈ ਮੈਨੂੰ ਚੇਤੇ ਕਰ !**

ਨਹਮਯਾਹ ਨੇ ਆਪਣੇ ਸੁਧਾਰਾਂ ਦਾ ਵਿਰਤਾਂਤ ਇਕ ਸੰਖੇਪ ਵਾਕ ਅਤੇ ਦੁਆ ਦੇ ਨਾਲ ਖ਼ਤਮ ਕੀਤਾ।

**ਆਇਤਾਂ 30, 31.** ਯਹੂਦੀਆਂ ਨੂੰ **ਸਾਰਿਆਂ ਓਪਰਿਆਂ ਵਿੱਚੋਂ ਪਾਕ ਸਾਫ਼** ਕਰਨ ਦਾ ਵਿਚਾਰ (13:30) ਸਾਫ਼ ਤੌਰ ਤੇ ਨਹਮਯਾਹ ਵੱਲੋਂ ਉਨ੍ਹਾਂ ਦੇ ਰਲੇ ਮਿਲੇ ਵਿਆਹਾਂ ਦੇ ਵਿਰੋਧ ਦੀ ਗੱਲ ਹੈ। ਇਸ ਨੂੰ ਇਸ ਅਧਿਆਇ ਵਿਚ ਦੱਸੇ ਗਏ ਨਹਮਯਾਹ ਦੇ ਸਾਰੇ ਸੁਧਾਰਾਂ ਉੱਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਹੈਕਲ ਦੀ ਬੇਹੁਰਮਤੀ, ਦਸਵੰਧ ਦੇਣ ਦੀ ਨਾਕਾਮੀ, ਅਤੇ ਸੱਬਤ ਦੇ ਨਿਯਮ ਨੂੰ ਤੋੜਨਾ ਖ਼ੁਦਾ ਦੇ ਖ਼ਾਸ ਲੋਕਾਂ ਵਿਚ ''ਓਪਰਾ'' (ਅਸਾਧਾਰਣ ਜਾਂ ਅਗਿਆਤ ਦੇ ਅਰਥ ਵਿਚ) ਹੋਣਾ ਚਾਹੀਦਾ ਹੈ। ਨਹਮਯਾਹ ਨੇ ਅੱਗੇ ਦੱਸਿਆ ਕਿ ਉਸ ਨੇ ਕਈ ਸਕਾਰਾਤਮਕ ਕੰਮ ਕੀਤੇ ਸਨ। ਉਸ ਨੇ **ਜਾਜਕਾਂ ਅਤੇ ਲੇਵੀਆਂ ਲਈ ਹਰ ਇਕ ਦੇ ਕੰਮ ਦੇ ਅਨੁਸਾਰ ਜੁੰਮੇਵਾਰੀਆਂ ਠਹਿਰਾਈਆਂ** (ਵੇਖੋ 13:13), ਹੋਮ ਬਲੀਆਂ ਲਈ ਲੋੜੀਂਦੀ **ਲੱਕੜੀ** ਦਾ ਇੰਤਜ਼ਾਮ ਕੀਤਾ (ਵੇਖੋ 10:34), ਅਤੇ ਇਹ ਜ਼ਰੂਰੀ ਕੀਤਾ ਕਿ ਸ਼ਰ੍ਹਾ ਦੇ ਹੁਕਮ ਦੇ ਮੁਤਾਬਕ ਯਾਜਕਾਂ ਕੋਲ **ਪਹਿਲੇ ਫਲ** ਲਿਆਂਦੇ ਜਾਣ (ਵੇਖੋ 10:35, 36)। ਉਹ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਹੈਕਲ ਦੀਆਂ ਬੰਦਗੀਆਂ ਕਬੂਲੇ ਜਾਣ ਯੋਗ ਢੰਗ ਵਿਚ ਹੁੰਦੀਆਂ ਰਹਿਣ। ਇਨ੍ਹਾਂ ਕੰਮਾਂ ਨੂੰ ਉਹਨੇ ਚਾਹਿਆ ਕਿ **ਪਰਮੇਸ਼ੁਰ, ਭਲਿਆਈ ਲਈ** ਚੇਤੇ ਰੱਖੇ (13:31)। ਨਹਮਯਾਹ ਦੀ ਕਹਾਣੀ ਦਾ ਅੰਤ ਅਜ਼ਰਾ ਅਤੇ ਇਤਹਾਸ ਦੀਆਂ ਕਿਤਾਬਾਂ ਵਿਚ ਹੈਕਲ ਅਤੇ ਇਸ ਦੀਆਂ ਸੇਵਾਵਾਂ ਉੱਤੇ ਦਿੱਤੇ ਜਾਣ ਵਾਲੇ ਜ਼ੋਰ ਵਾਂਗ ਹੀ ਖ਼ਤਮ ਹੁੰਦੀ ਹੈ।

ਕੋਈ ਸਵਾਲ ਕਰ ਸਕਦਾ ਹੈ ਕਿ ਲੇਖਕ ਨੇ ਆਪਣੀ ਕਿਤਾਬ ਵਿਚ ਇਹ ਆਖ਼ਰੀ ਹਿੱਸਾ ਕਿਉਂ ਜੋੜਿਆ। ਸ਼ਰ੍ਹਾ ਦੇ ਪੜ੍ਹੇ ਜਾਣ ਅਤੇ ਵੱਡੇ ਸੁਧਾਰ ਦੇ ਵਿਰਤਾਂਤ ਨਾਲ ਪਵਿੱਤਰ ਧਰਤੀ ਉੱਤੇ ਯਹੂਦੀਆਂ ਦੀ ਬਹਾਲੀ ਦੀ ਕਹਾਣੀ ਦਾ ਸੰਤੋਸ਼ਜਨਕ ਅੰਤ ਮਿਲ ਗਿਆ ਹੋਵੇਗਾ। ਉਹ ਆਪਣੇ ਪਾਠਕਾਂ ਨੂੰ ਯਾਦ ਦੁਆਉਂਦਾ ਚਾਹੁੰਦਾ ਹੋਵੇਗਾ ਕਿ ਬੇਦੀਨੀ ਬਣਿਆ ਰਹਿਣ ਵਾਲਾ ਖ਼ਤਰਾ ਹੈ। ਨਹਮਯਾਹ ਦੇ ਵਾਪਸ ਜਾਂਦਿਆਂ ਸਾਰ ਹੀ ਯਹੂਦੀ ਲੋਕ ਫਿਰ ਗਏ (ਇਕ ਅਰਥ ਵਿਚ) ਜਿਵੇਂ ਉਨ੍ਹਾਂ ਦੇ ਵਢੇਰੇ ਅਤੀਤ ਵਿਚ ਬਾਰ-ਬਾਰ ਖ਼ੁਦਾ ਤੋਂ ਫਿਰ ਜਾਂਦੇ ਸਨ। ਬੇਦੀਨੀ ਨੁੱਕਰ ਵਿਚ ਕਿਤੇ ਲੁਕੀ ਹੁੰਦੀ ਹੈ, ਇਸ ਕਰਕੇ ਦੋ ਗੱਲਾਂ ਬਹੁਤ ਜ਼ਰੂਰੀ ਹਨ: (1) ਬੇਦੀਨੀ ਨੂੰ ਹੋਣ ਤੋਂ ਰੋਕਣ ਲਈ ਅਨਾਦੀ ਚੌਕਸੀ ਜ਼ਰੂਰੀ ਹੈ; ਅਤੇ (2) ਇਸ ਦੇ ਹੋ ਜਾਣ ਤੇ, ਸੁਧਾਰ ਜ਼ਰੂਰੀ ਹੈ।[20] ਪਹਿਲੇ ਪਾਠਕਾਂ ਨੂੰ ਇਹ ਸਮਝ ਆ ਜਾਣੀ ਚਾਹੀਦੀ ਸੀ ਕਿ ਖ਼ੁਦਾ ਦੇ ਅਸਲ ਧਰਮ ਦੀ ਬਹਾਲੀ ਕਦੇ ਵੀ ਪੂਰੀ ਤਰ੍ਹਾਂ ਨਾਲ ਪੂਰੀ ਨਹੀਂ ਹੁੰਦੀ ਬਲਕਿ ਇਹ ਬਣੀ ਰਹਿਣ ਵਾਲੀ ਜ਼ਰੂਰਤ ਹੈ।

## ਪ੍ਰਸੰਗਿਕਤਾ

### ਪ੍ਰਭਾਵਸ਼ਾਲੀ ਲੀਡਰਸ਼ਿਪ: ਖ਼ੁਦਾ ਉੱਤੇ ਕੇਂਦ੍ਰਿਤ ਜ਼ਿੰਦਗੀ (ਅਧਿਆਇ 13)

ਕਲੀਸੀਆ ਵਿਚ ਕਿਸੇ ਨੂੰ ਪ੍ਰਭਾਵਸ਼ਾਲੀ ਲੀਡਰ ਬਣਾਉਣ ਵਾਲੀਆਂ ਖੂਬੀਆਂ ਉਸ ਨੂੰ ਕਿਸੇ ਵੀ ਹਾਲਾਤ ਵਿਚ ਪ੍ਰਭਾਵਸ਼ਾਲੀ ਬਣਾ ਦੇਣਗੀਆਂ। ਪਰ ਪ੍ਰਭਾਵਸ਼ਾਲੀ ਮਸੀਹੀ ਲੀਡਰ ਦੀ ਇਕ ਖੂਬੀ ਜਿਹੜੀ ਦੂਜਿਆਂ ਲੀਡਰਾਂ ਵਿਚ ਨਹੀਂ ਹੁੰਦੀ, ਉਹ ਇਹ ਹੈ ਕਿ ਉਸ ਦੀ ਜ਼ਿੰਦਗੀ ਪ੍ਰਭੂ ਪਰਮੇਸ਼ੁਰ ਉੱਤੇ ਕੇਂਦ੍ਰਿਤ ਹੁੰਦੀ ਹੈ। ਕਿਸੇ ਨੂੰ ਵੀ ਹੋਵੇ ਜਿਸਦੀ ਜ਼ਿੰਦਗੀ ਖ਼ੁਦਾ ਉੱਤੇ ਕੇਂਦ੍ਰਿਤ ਨਹੀਂ ਹੈ, ਕਲੀਸੀਆ ਵਿਚ ਆਗੂ ਨਹੀਂ ਬਣਨਾ ਚਾਹੀਦਾ।

ਖ਼ੁਦਾ ਦੇ ਆਗੂ ਹਮੇਸ਼ਾ ਉਹਦੇ ਉੱਤੇ ਨਿਰਭਰ ਰਹੇ ਹਨ। ਅਬਰਾਹਾਮ ਨੇ ਖ਼ੁਦਾ ਦੀ ਗੱਲ ਮੰਨੀ ਕਿਉਂਕਿ ਉਸ ਨੂੰ ਉਸ ਵਿਚ ਵਿਸ਼ਵਾਸ ਸੀ (ਇਬਰਾਨੀਆਂ 11:8-12)। ਖ਼ੁਦਾ ਵਿਚ ਆਪਣੇ ਵਿਸ਼ਵਾਸ ਦੇ ਕਾਰਣ, ਮੂਸਾ ਨੇ ਮਿਸਰ ਨੂੰ ਛੱਡ ਦਿੱਤਾ (ਇਬਰਾਨੀਆਂ 11:24-29); ਫਿਰ ਇਸਰਾਏਲੀਆਂ ਨੂੰ ਮਿਸਰ ਤੋਂ ਵਾਅਦੇ ਦੀ ਧਰਤੀ ਤਕ ਲਿਜਾਣ ਵੇਲੇ ਵੀ ਉਹ ਖ਼ੁਦਾ ਉੱਤੇ ਨਿਰਭਰ ਰਿਹਾ ਸੀ।

ਯਹੋਸ਼ੁਆ ਨੇ ਯਹੋਵਾਹ ਵਿਚ ਆਪਣੇ ਵਿਸ਼ਵਾਸ ਨੂੰ ਵਿਖਾਇਆ ਜਦ ਉਸ ਨੇ ਯਰੀਹੋ ਦੇ ਦੁਆਲੇ ਚੱਕਰ ਲਾਉਂਦਿਆਂ ਇਸਰਾਏਲੀਆਂ ਦੀ ਅਗਵਾਈ ਕੀਤੀ (ਇਬਰਾਨੀਆਂ 11:30)। ਆਪਣੀ ਜ਼ਿੰਦਗੀ ਦੇ ਅਖ਼ੀਰ ਵਿਚ ਜਦ ਉਸ ਨੇ ਲੋਕਾਂ ਨੂੰ ਚੁਣਨ ਲਈ ਆਖਿਆ ਕਿ ਉਹ ਕਿਸ ਦੇਵਤੇ ਜਾਂ (ਦੇਵਤਿਆਂ) ਦੀ ਸੇਵਾ ਕਰਨਗੇ, ਤਾਂ ਅੱਗੇ ਉਸਨੇ ਆਖਿਆ, ''ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ'' (ਯਹੋਸ਼ੁਆ 24:15)। ਰਾਜੇ ਵੱਲੋਂ ਅਜਿਹੀਆਂ ਦੁਆਵਾਂ ਹੀ ਮਨਾਹੀ ਕੀਤੇ ਜਾਣ ਤੋਂ ਬਾਅਦ ਵੀ ਦਾਨੀਏਲ ਖ਼ੁਦਾ ਦੇ ਅੱਗੇ ''ਦਿਨ ਵਿਚ ਤਿੰਨ ਵਾਰ'' ਦੁਆ ਕਰਦਾ ਹੁੰਦਾ ਸੀ (ਦਾਨੀਏਲ 6:10)। ਖ਼ੁਦਾ ਦੇ ਪੁੱਤਰ ਯਿਸੂ ਨੇ ਕਿਹਾ ਕਿ ਉਹ ਆਪਣੇ ਪਿਤਾ ਦੀ ਇੱਛਾ ਨੂੰ ਪੂਰੀ ਕਰਨ ਆਇਆ ਹੈ (ਯੂਹੰਨਾ 4:34; 5:30; 6:38–40), ਅਤੇ ਉਹ ਖ਼ੁਦਾ ਦੇ ਅੱਗੇ ਦੁਆ ਕਰਦਾ ਰਹਿੰਦਾ ਸੀ। ਪੌਲੁਸ ਉੱਥੇ ਗਿਆ ਜਿੱਥੇ ਖ਼ੁਦਾ ਨੇ ਉਹ ਨੂੰ ਜਾਣ ਲਈ ਕਿਹਾ, ਮਸੀਹ ਵੱਲੋਂ ਉਸ ਨੂੰ ਦਿੱਤਾ ਸੰਦੇਸ਼ ਸੁਣਾਇਆ, ਅਤੇ ਮੰਨਿਆ ਕਿ ਹੁਣ ਤੋਂ ਉਹ ਜੀਉਂਦਾ ਨਹੀਂ ਸੀ ਕਿਉਂ ਜੋ ਮਸੀਹ ਉਸ ਵਿਚ ਜੀਉਂਦਾ ਸੀ (ਗਲਾਤੀਆਂ 2:20)।

ਨਵੇਂ ਨੇਮ ਦੇ ਸਮਿਆਂ ਵਿਚ ਕਲੀਸੀਆ ਦੇ ਆਗੂਆਂ ਤੋਂ ਅਜਿਹੇ ਲੋਕ ਹੋਣ ਦੀ ਉਮੀਦ ਕੀਤੀ ਜਾਂਦੀ ਹੈ ਜਿਹੜੇ ਪ੍ਰਭੂ ਦੇ ਵਫ਼ਾਦਾਰ ਹੋਣ (ਕਰਤੱਬ 6:3; 1 ਤਿਮੋਥਿਉਸ 3:2, 8; 2 ਤਿਮੋਥਿਉਸ 2:2; ਤੀਤੁਸ 1:6)। ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ, ਖ਼ੁਦਾ ਦੇ ਲੋਕਾਂ ਦੇ ਵੱਡੇ ਆਗੂ, ਸਭ ਤੋਂ ਪਹਿਲਾਂ ਖ਼ੁਦਾ ਦੇ ਵੱਡੇ ਜਨ ਸਨ। ਉਨ੍ਹਾਂ ਦੀਆਂ ਜ਼ਿੰਦਗੀਆਂ ਖ਼ੁਦਾ ਉੱਤੇ ਕੇਂਦ੍ਰਿਤ ਸਨ।

ਨਹਮਯਾਹ ਨੇ ਕਈ ਤਰੀਕਿਆਂ ਨਾਲ ਇਸ ਖ਼ੂਬੀ ਨੂੰ ਵਿਖਾਇਆ। ਉਸ ਦੀ ਮਿਸਾਲ ਮਸੀਹੀ ਆਗੂਆਂ ਨੂੰ ਖ਼ੁਦਾ ਨੂੰ ਆਪਣੀਆਂ ਜ਼ਿੰਦਗੀਆਂ ਦਾ ਕੇਂਦਰ ਬਣਾਈ ਰੱਖਣ ਦੀ ਚੁਣੌਤੀ ਦਿੰਦੀ ਹੈ।

*ਨਹਮਯਾਹ ਖ਼ੁਦਾ ਦੀ ਸ਼ਰ੍ਹਾ ਨੂੰ ਪਿਆਰ ਕਰਦਾ ਸੀ।* ਸ਼ਰ੍ਹਾ ਲਈ ਉਹਦਾ ਪਿਆਰ ਜ਼ਾਹਿਰ ਸੀ, ਕਿਉਂ ਜੋ ਉਸ ਨੇ ਇਸ ਨੂੰ ਖ਼ੁਦਾ ਦੀ ਪਰਜਾ ਦੇ ਸਾਹਮਣੇ ਪੜ੍ਹਵਾਇਆ ਅਤੇ ਇਸ ਦੀ ਵਿਆਖਿਆ ਕੀਤੀ, ਜਿਸ ਨਾਲ ਯਹੂਦੀਆਂ ਵਿਚ ਇਕ ਵੱਡੀ ਸੁਧਾਰਵਾਦੀ ਲਹਿਰ ਦੀ ਸ਼ੁਰੂਆਤ ਹੋਈ।

ਮਸੀਹੀ ਆਗੂਆਂ ਨੂੰ ਖ਼ੁਦਾ ਦੇ ਵਚਨ ਬਾਈਬਲ ਨਾਲ ਐਨਾ ਪਿਆਰ ਕਰਨ ਦੀ ਲੋੜ ਹੈ ਕਿ ਉਹ ਇਸ ਨੂੰ ਪੜ੍ਹਨ, ਇਸ ਦਾ ਅਧਿਐਨ ਕਰਨ ਅਤੇ ਆਪ ਸਮਝਣ ਅਤੇ ਇਹ ਵੇਖਣ ਕਿ ਜਿਨ੍ਹਾਂ ਦੀ ਅਗਵਾਈ ਕਰਦੇ ਹਨ ਉਹ ਇਸ ਨੂੰ ਪੜ੍ਹਨ ਅਤੇ ਸਿੱਖਣ। ਅਤੇ ਕਲੀਸੀਆ ਦੇ ਆਗੂਆਂ ਦੀਆਂ ਗੱਲਾਂ ਵਿਚ ਕੁਝ ਵਜ਼ਨ ਹੋਣਾ ਚਾਹੀਦਾ ਹੈ, ਪਰ ਖ਼ੁਦਾ ਦੇ ਵਚਨ ਨੂੰ ਸਭ ਤੋਂ ਅਹਿਮ ਮੰਨਿਆ ਜਾਣਾ ਜ਼ਰੂਰੀ ਹੈ।

*ਨਹਮਯਾਹ ਖ਼ੁਦਾ ਦੇ ਘਰ ਅਤੇ ਖ਼ੁਦਾ ਦੇ ਲੋਕਾਂ ਨਾਲ ਪਿਆਰ ਕਰਦਾ ਸੀ।* ਨਹਮਯਾਹ ਦੀ ਕਿਤਾਬ ਤੋਂ ਖ਼ੁਦਾ ਦੇ ਘਰ, ਹੈਕਲ ਲਈ ਨਹਮਯਾਹ ਦੇ ਪਿਆਰ ਅਤੇ ਲਗਾਅ ਦਾ ਬਹੁਤ ਸਬੂਤ ਮਿਲਦਾ ਹੈ। ਉਸ ਨੂੰ ਹੈਕਲ ਨਾਲ ਐਨਾ ਪਿਆਰ ਸੀ ਕਿ ਉਸ ਨੇ ਉਹ ਨਿਯਮ ਲਾਗੂ ਕਰਵਾਇਆ ਜਿਸ ਨਾਲ ਇਸ ਦੀਆਂ ਸੇਵਾਵਾਂ ਚੱਲਦੀਆਂ ਰਹਿਣ ਅਤੇ ਇਸ ਦੇ ਕਰਮਚਾਰੀਆਂ ਦੀ ਤਨਖ਼ਾਹ ਦਿੱਤੀ ਜਾਵੇ।

ਨਹਮਯਾਹ ਖ਼ੁਦਾ ਦੇ ਲੋਕਾਂ ਨਾਲ ਐਨਾ ਪਿਆਰ ਕਰਦਾ ਸੀ ਕਿ ਉਸ ਨੂੰ ਉਨ੍ਹਾਂ ਦੀ ਸੁਰੱਖਿਆ ਦੀ ਚਿੰਤਾ ਸੀ। ਜਦ ਉਸ ਨੇ ਸੁਣਿਆ ਕਿ ਯਰੀਹੋ ਦੀ ਕੰਧ ਢੱਠੀ ਪਈ ਹੈ ਤਾਂ ਉਹ ਮਾਯੂਸ ਹੋ ਗਿਆ, ਅਤੇ ਉਸ ਨੇ ਜਾ ਕੇ ਕੰਧ ਨੂੰ ਬਣਾਉਣਾ ਚਾਹਿਆ ਅਤੇ ਉਸਦੀ ਮੰਜ਼ੂਰੀ ਲਈ। ਉਹ ਲੋਕਾਂ ਨੂੰ ਖ਼ੁਦਾ ਨਾਲ ਸਹੀ ਸਬੰਧ ਵਿਚ ਲਿਜਾਣ ਲਈ ਉਨ੍ਹਾਂ ਨਾਲ ਐਨਾ ਪਿਆਰ ਕਰਦਾ ਸੀ ਕਿ ਉਸ ਨੇ ਉਨ੍ਹਾਂ ਲਈ ਉਸ ਨੇਮ ਨੂੰ ਨਵੇਂ ਸਿਰਿਉਂ ਬੰਨ੍ਹੇ ਜਾਣ ਦਾ ਇੰਤਜ਼ਾਮ ਕੀਤਾ ਜਿਹੜਾ ਉਨ੍ਹਾਂ ਦੇ ਵਢੇਰਿਆਂ ਨੇ ਯਹੋਵਾਹ ਨਾਲ ਬੰਨ੍ਹਿਆ ਸੀ। ਜਦ ਉਹ ਸ਼ੂਸ਼ਨ ਦੇ ਮਹਿਲ ਵਿਚ ਰਹਿਣ ਤੋਂ ਬਾਅਦ ਵਾਪਸ ਆਇਆ ਅਤੇ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਖ਼ੁਦਾ ਨਾਲ ਆਪਣੀ ਸਹੁੰ ਤੋੜ ਦਿੱਤੀ ਹੈ, ਤਾਂ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦਾ ਵਾਅਦਾ ਯਾਦ ਦੁਆਇਆ। ਉਹ ਉਨ੍ਹਾਂ ਨੂੰ ਐਨਾ ਪਿਆਰ ਕਰਦਾ ਸੀ ਕਿ ਉਸ ਨੇ ਉਨ੍ਹਾਂ ਨੂੰ ਜਿਨ੍ਹਾਂ ਤੋਬਾ ਕਰਨ ਦਾ ਇਨਕਾਰ ਕੀਤਾ ਸੀ, ਸਿੱਧੇ ਕੀਤਾ।

ਅੱਜ ਕਲੀਸੀਆ ਦੇ ਆਗੂਆਂ ਨੂੰ ਖ਼ੁਦਾ ਦੀ ਕਲੀਸੀਆ ਦੇ ਨਾਲ ਪਿਆਰ ਕਰਨਾ ਜ਼ਰੂਰੀ ਹੈ (ਅਫ਼ਸੀਆਂ 5:25; 1 ਤਿਮੋਥਿਉਸ 3:15)। ਕਲੀਸੀਆ ਨੂੰ ਪਿਆਰ ਕਰਨ ਦੀ ਗੱਲ ਕਹਿ ਦੇਣਾ ਹੀ ਕਾਫ਼ੀ ਨਹੀਂ ਹੈ; ਬਲਕਿ ਕਈ ਵਾਰ ਕਲੀਸੀਆ ਲਈ ਉਨ੍ਹਾਂ ਦੁਪਿਆਰੇ ਲੋਕਾਂ ਨੂੰ ਤਿਆਰ ਕਰਨਾ ਵੀ ਜ਼ਰੂਰੀ ਹੈ। ਭਾਈਆਂ ਨੂੰ ਐਨਾ ਕੁ ਪਿਆਰ ਕੀਤਾ ਜਾਣਾ ਚਾਹੀਦਾ ਹੈ ਕਿ (ਉਦਾਹਰਣ ਲਈ, ਝੂਠੇ ਗੁਰੂਆਂ ਤੋਂ) ਉਨ੍ਹਾਂ ਦੀ ਰਖਵਾਲੀ ਕੀਤੀ ਜਾਵੇ। ਪਿਆਰ ਇਹ ਯਕੀਨੀ ਬਣਾਉਣ ਨਈ ਹੋਣਾ ਚਾਹੀਦਾ ਹੈ ਕਿ ਸਾਥੀ ਮਸੀਹੀ ਖ਼ੁਦਾ ਨਾਲ ਸਹੀ ਸਬੰਧ ਵਿਚ ਹਨ ਅਤੇ ਉਸ ਨੇਮ ਨੂੰ ਤੋੜਨ ਵਾਲਿਆਂ ਨੂੰ ਸੁਧਾਰਿਆ ਜਾਵੇ। ਸੱਚੇ ਲਗਾਅ ਨਾਲ ਸੰਗਤੀ ਛੱਡ ਕੇ ਪਾਪ ਵਿਚ ਬਣੇ ਰਹਿਣ ਵਾਲਿਆਂ ਲਈ ਸੁਧਾਰ ਕਰਨ ਦੀ ਸ਼ਕਤੀ ਮਿਲੇਗੀ। ਭਟਕੇ ਹੋਏ ਮਸੀਹੀਆਂ ਨੂੰ ਸੁਧਾਰਣ ਅਤੇ ਸਿਧਾਉਣ ਲਈ ਕੀਤੀਆਂ ਗਈਆਂ ਕਾਰਵਾਹੀਆਂ ਨਾਲ ਉਨ੍ਹਾਂ ਦੇ ਪ੍ਰਤੀ ਜਿਨ੍ਹਾਂ ਨੂੰ ਸੁਧਾਰਿਆ ਜਾ ਰਿਹਾ ਹੈ, ਐਲਡਰਾਂ ਦੇ ਪਿਆਰ ਦਾ ਸਬੂਤ ਮਿਲਣਾ ਚਾਹੀਦਾ ਹੈ, ਨਾ ਕਿ ਦੁਸ਼ਮਣੀ ਦਾ (ਵੇਖੋ ਇਬਰਾਨੀਆਂ 12:4–11)। ਆਪਣੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੇ ਰਾਜ ਅਰਥਾਤ ਕਲੀਸੀਆ ਨੂੰ ਪਹਿਲ ਦੇ ਕੇ ਕਲੀਸੀਆ ਦੇ ਆਗੂਆਂ ਲਈ ਦੂਜਿਆਂ ਲਈ ਨਮੂਨਾ ਦੇਣਾ ਜ਼ਰੂਰੀ ਹੈ (ਮੱਤੀ 6:33)।

*ਨਹਮਯਾਹ ਖ਼ੁਦਾ ਨਾਲ ਪਿਆਰ ਕਰਦਾ ਸੀ।* ਖ਼ੁਦਾ ਲਈ ਉਹਦੇ ਪਿਆਰ ਦਾ ਪਤਾ ਉਸ ਵੱਲੋਂ ਕੀਤੇ ਉਹਦੇ ਹਰ ਕੰਮ ਵਿਚ ਲਗਦਾ ਹੈ। ਇਹ ਉਸ ਦੀ ਨਿੱਜੀ ਜ਼ਿੰਦਗੀ ਤੋਂ, ਖ਼ਾਸ ਕਰਕੇ ਉਹਦੀਆਂ ਦੁਆਵਾਂ ਤੋਂ ਦਿਸਦਾ ਸੀ। ਸ਼ੂਸ਼ਨ ਵਿਚ ਰਹਿੰਦਿਆਂ ਜਦ ਉਸ ਨੇ ਯਹੂਦਾਹ ਵਿਚ ਚੱਲ ਰਹੀਆਂ ਮੁਸ਼ਕਿਲਾਂ ਬਾਰੇ ਸੁਣਿਆ, ਤਾਂ ਉਸ ਨੇ ਦੁਆ ਕੀਤੀ; ਜਦ ਉਹ ਰਾਜੇ ਦੇ ਸਾਹਮਣੇ ਗਿਆ ਅਤੇ ਆਪਣੇ ਵਤਨ ਵਾਪਸ ਜਾਣ ਦੀ ਇਜਾਜ਼ਤ ਦੀ ਬੇਨਤੀ ਕਰਨ ਵਾਲਾ ਸੀ, ਤਾਂ ਉਸ ਨੇ ਦੁਆ ਕੀਤੀ; ਕੰਧ ਦਾ ਕੰਮ ਕਰਦਿਆਂ ਜਦ ਵਿਰੋਧ ਦਾ ਸਾਹਮਣਾ ਹੋਇਆ, ਤਾਂ ਉਸ ਨੇ ਦੁਆ ਕੀਤੀ; ਅਤੇ ਜਦ ਉਹ ਉਸ ਸੁਧਾਰ ਵਿਚ ਲੱਗਾ ਹੋਇਆ ਸੀ ਜਿਹੜਾ ਯਰੂਸ਼ਲਮ ਵਿਚ ਉਹਦੀ ਦੂਜੀ ਵਾਪਸੀ ਦੇ ਬਾਅਦ ਹੋਇਆ ਸੀ, ਤਾਂ ਉਸ ਨੇ ਦੁਆ ਕੀਤੀ। ਉਸ ਨੇ ਆਖਿਆ ਕਿ ਖ਼ੁਦਾ ਉਸ ਨੂੰ ਅਤੇ ਉਸ ਭਲਿਆਈ ਨੂੰ ਜਿਹੜੀ ਉਸਨੇ ਕੀਤੀ ''ਯਾਦ'' ਕਰੇ ਅਤੇ ਉਹਦੇ ਉੱਤੇ ਮੇਹਰ ਕਰੇ। ਉਸ ਨੇ ਖ਼ੁਦਾ ਅੱਗੇ ਉਸ ਦੇ ਦੁਸ਼ਮਣਾਂ ਨੂੰ ਅਤੇ ਉਨ੍ਹਾਂ ਵੱਲੋਂ ਕੀਤੀ ਬੁਰਾਈ ਨੂੰ ਵੀ ''ਯਾਦ'' ਕਰਨ ਲਈ ਦੁਆ ਕੀਤੀ। ਦੂਜੇ ਸ਼ਬਦਾਂ ਵਿਚ, ਉਸ ਨੇ ਹਰ ਚੀਜ਼ ਦਾ ਨਤੀਜਾ ਅਖ਼ੀਰ ਵਿਚ ਖ਼ੁਦਾ ਉੱਤੇ ਛੱਡ ਦਿੱਤਾ। ਖ਼ੁਦਾ ਲਈ ਆਪਣੇ ਪਿਆਰ ਕਰਕੇ, ਉਸ ਨੇ ਉਸ ਦੀ ਜ਼ਿੰਦਗੀ ਵਿਚ ਜੋ ਕੁਝ ਹੋਇਆ ਸੀ, ਉਸ ਸਭ ਦਾ ਆਖ਼ਰੀ ਫ਼ੈਸਲਾ ਦੇਣ ਵਾਲਾ ਅਤੇ ਬਦਲਾ ਦੇਣ ਵਾਲਾ ਹੋਣ ਲਈ ਖ਼ੁਦਾ ਦੇ ਅੱਗੇ ਦੁਆ ਕੀਤੀ ਅਤੇ ਉਸ ਉੱਤੇ ਨਿਰਭਰ ਰਿਹਾ। ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਨਹਮਯਾਹ ਦੁਆ ਕਰਨ ਵਾਲਾ ਬੰਦਾ ਸੀ, ਜਿਹੜਾ ਦੁਆ ਕਰਦਾ ਰਹਿੰਦਾ ਸੀ।

ਅੱਜ ਮਸੀਹੀ ਆਗੂਆਂ ਨੂੰ ਉਸ ਦੀ ਉਦਾਹਰਣ ਦੀ ਨਕਲ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਹੁਨਰ ਨੂੰ ਵਧਾਉਣਾ ਤਾਂ ਚਾਹੀਦਾ ਹੈ, ਪਰ ਸਮਝਦਾਰੀ ਨਾਲ ਕੰਮ ਕਰਨਾ, ਅਤੇ ਸਚਿਆਈ ਨਾਲ ਰਹਿਣਾ ਚਾਹੀਦਾ ਹੈ, ਪਰ ਨਤੀਜਾ ਕੁਲ ਮਿਲਾ ਕੇ ਉਨ੍ਹਾਂ ਵੱਲੋਂ ਨਹੀਂ ਮਿਲੇਗਾ। ਪ੍ਰਭਾਵਸ਼ਾਲੀ ਮਸੀਹੀ ਜੀਵਨ ਜਿਹੜੇ ਸਚਮੁਚ ਖ਼ੁਦਾ ਨਾਲ ਪਿਆਰ ਕਰਦੇ ਹਨ, ਦੁਆ ਵਿਚ ਲੱਗੇ ਰਹਿਣ ਅਤੇ ਖ਼ੁਦਾ ਤੋਂ ਉਨ੍ਹਾਂ ਦੀਆਂ ਦੁਆਵਾਂ ਸੁਣਨ ਦੀ ਅਤੇ ਉਨ੍ਹਾਂ ਦਾ ਜਵਾਬ ਆਪਣੀ ਇੱਛਾ ਨਾਲ ਦੇਣ ਦੀ ਉਮੀਦ ਕਰਨਗੇ।

*ਸਾਰ।* ਮਸੀਹ ਲਈ ਪ੍ਰਭਾਵਸ਼ਾਲੀ ਲੀਡਰ ਬਣਨ ਲਈ ਕੀ ਜ਼ਰੂਰੀ ਹੈ? ਕਲੀਸੀਆ ਦਾ ਪ੍ਰਭਾਵਸ਼ਾਲੀ ਲੀਡਰ ਪ੍ਰਭੂ ਨੂੰ ਸਮਰਪਿਤ ਹੁੰਦਾ ਹੈ ਅਤੇ ਉਸ ਦੀ ਵੱਡੀ ਚਿੰਤਾ ਪ੍ਰਭੂ ਦੇ ਲੋਕਾਂ ਦੀ ਭਲਿਆਈ ਹੁੰਦੀ ਹੈ। ਉਹ ਮਸੀਹ ਦੇ ਕੰਮ ਨੂੰ ਵਧਾਉਣ ਲਈ ਨਾ ਕਿ ਆਪਣਾ ਨਾਂਅ ਉੱਚਾ ਕਰਨ ਲਈ ਬਲਕਿ ਖ਼ੁਦਾ ਦੀ ਵਡਿਆਈ ਲਈ ਆਪਣੇ ਗੁਣਾਂ ਦੀ ਵਰਤੋਂ ਕਰਦੇ ਹੋਏ ਕਲੀਸੀਆ ਦੇ ਲੋਕਾਂ

ਦੀ ਅਗਵਾਈ ਕਰਦਾ ਹੈ! ਅਜਿਹੇ ਲੀਡਰ ਦਾ ਵਿਸ਼ਵਾਸ ਖ਼ੁਦਾ ਵਿਚ ਹੈ ਅਤੇ ਜੋ ਕੁਝ ਉਹ ਹਾਸਿਲ ਕਰਦਾ ਹੈ ਉਹ ਖ਼ੁਦਾ ਵੱਲੋਂ ਅਤੇ ਖ਼ੁਦਾ ਲਈ ਹੁੰਦਾ ਹੈ।

ਕਲੀਸੀਆ ਦੇ ਆਗੂਆਂ ਲਈ, ਪ੍ਰਭਾਵਸ਼ਾਲੀ ਲੀਡਰਸ਼ਿਪ ਤੇ ਇਹ ਆਖ਼ਰੀ ਪਾਠ ਸਭ ਤੋਂ ਅਹਿਮ ਹੈ। ਜਦ ਤਕ ਕੋਈ ਖ਼ੁਦਾ ਉੱਤੇ ਕੇਂਦ੍ਰਿਤ ਜ਼ਿੰਦਗੀ ਨਹੀਂ ਜੀਉਂਦਾ, ਤਦ ਤਕ ਪ੍ਰਭੂ ਲਈ ਕੀਤਾ ਉਸ ਦਾ ਕੋਈ ਵੀ ਕੰਮ ਬੇਕਾਰ ਹੀ ਹੈ। ਪਰ ਜਿਸ ਦੀ ਜ਼ਿੰਦਗੀ ਖ਼ੁਦਾ ਉੱਤੇ ਕੇਂਦ੍ਰਿਤ ਹੈ ਉਹ ਖ਼ੁਦਾ ਦੀ ਮਦਦ ਨਾਲ, ਜੇ ਚਾਹੇ ਹਾਸਲ ਕਰਨ ਦੀ ਉਮੀਦ ਕਰ ਸਕਦਾ ਹੈ (ਫ਼ਿਲਿੱਪੀਆਂ 4:13)। ਖ਼ੁਦਾ ''ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਕੰਮ ਕਰਦੀ ਹੈ'' (ਅਫ਼ਸੀਆਂ 3:20; NKJV)।

### ''ਮੈਨੂੰ ਚੇਤੇ ਕਰ'' (13:31)

ਕਿਤਾਬ ਨਹਮਯਾਹ ਦੀ ਇਕ ਦੁਆ ਨਾਲ ਖ਼ਤਮ ਹੁੰਦੀ ਹੈ ਕਿ ''ਹੇ ਮੇਰੇ ਪਰਮੇਸ਼ੁਰ, ਭਲਿਆਈ ਲਈ ਮੈਨੂੰ ਚੇਤੇ ਕਰ'' (13:31)। ਇਹ ਸ਼ਬਦ ਸਾਨੂੰ ਦੋ ਸਵਾਲ ਪੁੱਛਣ ਦੀ ਪ੍ਰੇਰਣਾ ਦਿੰਦੇ ਹਨ ਜਿਨ੍ਹਾਂ ਉੱਤੇ ਹਰ ਕਿਸੇ ਨੂੰ ਵਿਚਾਰ ਕਰਨਾ ਚਾਹੀਦਾ ਹੈ।

1. ''ਮੈਂ ਕੀ ਚਾਹੁੰਦਾ ਹਾਂ ਕਿ ਮੈਨੂੰ ਕਿਵੇਂ ਚੇਤੇ ਕੀਤਾ ਜਾਵੇ?'' ਲੋਕਾਂ ਨੂੰ ਵੱਖੋ ਵੱਖ ਗੱਲਾਂ ਕਰਕੇ ਚੇਤੇ ਰੱਖਿਆ ਜਾਂਦਾ ਹੈ: ਕਿਸੇ ਨੂੰ ਕਿਸੇ ਖ਼ਤਰਨਾਕ ਜੁਰਮ ਲਈ; ਕਿਸੇ ਨੂੰ, ਉਹਦੀ ਕੰਜੂਸੀ ਅਤੇ ਜ਼ੁਲਮ ਲਈ; ਅਤੇ ਕਿਸੇ ਨੂੰ ਉਹਦੀਆਂ ਗਲਤੀਆਂ ਲਈ। ਬਹੁਤ ਸਾਰੇ ਲੋਕ ਕਾਰੋਬਾਰ ਜਾਂ ਵਿੱਤ ਵਿਚ, ਕਲਾ ਜਾਂ ਮਨੋਰੰਜਨ ਦੇ ਖੇਤਰਾਂ ਵਿਚ ਜਾਂ ਖੇਡਾਂ ਵਿਚ ਆਪਣੀਆਂ ਪ੍ਰਾਪਤੀਆਂ ਕਰਕੇ ਯਾਦ ਰੱਖੇ ਜਾਣਾ ਚਾਹੁੰਦੇ ਹਨ। ਹੋਰ ਲੋਕ ਵੱਡੇ ਰਾਜਨੇਤਾ ਜਾਂ ਸਿਆਸਤਦਾਨ ਜਾਂ ਸਿਪਾਹੀ ਯਾਦ ਰੱਖੇ ਜਾਣਾ ਚਾਹੁੰਦੇ ਹਨ। ਕਿੰਨੇ ਲੋਕ ਉਸ ''ਭਲਿਆਈ'' ਲਈ ਜਿਹੜੀ ਉਨ੍ਹਾਂ ਕੀਤੀ ਹੈ ਯਾਦ ਰੱਖੇ ਜਾਣਾ ਚਾਹੁੰਦੇ ਹਨ? ਇਸ ਤਰ੍ਹਾਂ ਨਾਲ ਕੁਝ ਲੋਕਾਂ ਨੂੰ ਯਾਦ ਕਰਨ ਦੀ ਸਾਨੂੰ ਬਰਕਤ ਮਿਲੀ ਹੈ: ਹਲੀਮ ਸੰਤਾਂ ਦੇ ਰੂਪ ਵਿਚ ਜਿਨ੍ਹਾਂ ਕਦੇ ਕੋਈ ਮਸ਼ਹੂਰੀ ਜਾਂ ਬਹੁਤੀ ਜਾਇਦਾਦ ਨਹੀਂ ਪਾਈ ਪਰ ਉਨ੍ਹਾਂ ਦੀ ਜ਼ਿੰਦਗੀ ਗੁਮਨਾਮੀ ਵਿਚ, ਮਸੀਹ ਲਈ ਕੰਮ ਕਰਦਿਆਂ ਅਤੇ ਦੂਜਿਆਂ ਦੀ ਸੇਵਾ ਕਰਦਿਆਂ ਗੁਜ਼ਰੀ। ਹੋ ਸਕਦਾ ਹੈ ਕਿ ਅਸੀਂ ਇਸ ਤਰ੍ਹਾਂ ਨਾਲ ਯਾਦ ਕੀਤੇ ਜਾਣਾ ਚਾਹੀਏ!

2. ''ਮੈਂ ਕਿਸ ਵੱਲੋਂ ਯਾਦ ਕੀਤੇ ਜਾਣਾ ਚਾਹੁੰਦਾ ਹਾਂ?'' ਨਹਮਯਾਹ ਦੀ ਸਭ ਤੋਂ ਵੱਡੀ ਫ਼ਿਕਰ ਇਹ ਸੀ ਕਿ ਉਸ ਨੂੰ ਖ਼ੁਦਾ ਵੱਲੋਂ ਯਾਦ ਕੀਤਾ ਜਾਏ। ਦੋਸਤਾਂ ਅਤੇ ਪਰਿਵਾਰ ਦੇ ਲੋਕਾਂ ਵੱਲੋਂ ਯਾਦ ਕੀਤਾ ਜਾਣਾ ਚੰਗੀ ਗੱਲ ਹੈ, ਪਰ ਸਭ ਨਾਲੋਂ ਵੱਡੀ ਗੱਲ ਪ੍ਰਭੂ ਵੱਲੋਂ ਚੇਤੇ ਕੀਤਾ ਜਾਣਾ ਹੈ। ਜੇ ਸਾਨੂੰ ਖ਼ੁਦਾ ਵੱਲੋਂ ''ਭਲਿਆਈ ਲਈ'' ਚੇਤੇ ਕੀਤਾ ਜਾਂਦਾ ਹੈ ਤਾਂ ਇਸ ਨਾਲ ਸਾਨੂੰ ਉੱਥੇ ਰਹਿਣਾ ਮਿਲੇਗਾ ਜਿਸ ਨੂੰ ''ਖ਼ੁਦਾ ਦੀ ਨਾਮੀ ਲੋਕਾਂ ਦਾ ਯਾਦਗਾਰ'' ਕਿਹਾ ਜਾ ਸਕਦਾ ਹੈ; ਕਿਉਂ ਜੋ ਸਾਡਾ ਨਾਂਅ ਉਸ ਦੀ ਜ਼ਿੰਦਗੀ ਦੀ ਕਿਤਾਬ ਵਿਚ ਲਿਖਿਆ ਜਾਵੇਗਾ (ਵੇਖੋ ਪਰਕਾਸ਼ 21:27) ਅਤੇ ਮੁਬਾਰਕ ਲੋਕਾਂ ਦਾ ਅਬਦੀ ਨਿਵਾਸ ਵਿਚ ਸਵਾਗਤ ਕੀਤਾ ਜਾਵੇਗਾ।

---

ਟਿੱਪਣੀਆਂ

[1]*ਦ ਨਿਊ ਬਾਈਬਲ ਕਮੈਂਟਰੀ: ਰਿਵਾਈਜ਼ਡ*, ਸੰਪਾ. ਡੀ. ਗੁਥਰੀ ਐਂਡ ਜੇ. ਏ. ਮੋਟਾਇਰ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1970), 410 ਵਿਚ ਏ. ਈ. ਕੁੰਡਾਲ, ''ਨਹਮਯਾਹ।'' [2]ਕੀਥ ਐੱਨ. ਸ਼ੋਵਿੱਲ ਨੇ ਲਿਖਿਆ, '''ਉਸ ਦਿਨ' ... ਇਕ ਅਸਪੱਸ਼ਟ ਕਾਲਕ੍ਰਮਿਕ ਮਾਰਕਰ ਹੈ'' (ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ,

ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 255)। ਇਹੀ ਅਭਿਵਿਅਕਤੀ 12:44 ਵਿਚ ਮਿਲਦੀ ਹੈ। [3]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ,* ਦ ਐਂਕਰ ਬਾਈਬਲ, ਜਿਲਦ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 207. [4]ਪੌਲ ਏ. ਸਟਿਵਰਟ, *ਨਹਮਯਾਹ: ਦ ਇਨਵਾਲਵਡ ਲੇਅਮੈਨ* (ਗਲੈਂਡੇਲ, ਕੈਲੀਫ਼ੋਰਨੀਆ: ਗੌਸਪਲ ਲਾਈਟ ਪਬਲੀਕੇਸ਼ੰਜ਼, 1974), 132. ਇਕ ਘੱਟ ਸੰਭਵ ਲੱਗਣ ਵਾਲਾ ਵਿਚਾਰ ਰੂਬਨ ਰੈਜ਼ਲੈਫ਼ ਵੱਲੋਂ ਵਿਅਕਤ ਕੀਤਾ ਗਿਆ, ਜਿਸ ਨੇ 13:1–3 ਵਿਚ ਸ਼ਰ੍ਹਾ ਦੇ ਪੜ੍ਹੇ ਜਾਣ ਤੋਂ ਕੰਧ ਦੀ ਚੱਠ ਨਾਲ ਜੋੜਿਆ ਪਰ ਕਿਹਾ ਕਿ ਚੱਠ ਦਾ ਸਮਾਰੋਹ ਨਹਮਯਾਹ ਦੀ ਦੂਜੀ ਵਾਪਸੀ ਤਕ ਨਹੀਂ ਹੋਇਆ, ਜੋ ਕੰਧ ਦੇ ਪੂਰਾ ਹੋਣ ਦੇ ਤਰੀਬਨ ਬਾਰਾਂ ਸਾਲ ਬਾਅਦ ਹੋਣ ਵਾਲੀ ਨਹਮਯਾਹ ਦੀ ਦੂਜੀ ਵਾਪਸੀ ਤਕ ਨਹੀਂ ਹੋਇਆ ਸੀ। (ਰੂਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ,* ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979], 242.) [5]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ,* ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 128. [6]ਸ਼ੋਵਿੱਲ, 257. [7]ਜੌਨ ਵਾਈਟ, *ਐਕਸੀਲੈਂਸ ਇਨ ਲੀਡਰਸ਼ਿਪ: ਰੀਚਿੰਗ ਗੋਲ ਵਿਦ ਪ੍ਰੇਅਰ, ਕਰੇਜ਼ ਐਂਡ ਡਿਟਰਮੀਨੇਸ਼ਨ* (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 1986), 122. [8]ਜੋਹੰਨਾ ਡਬਲਯੂ. ਐੱਚ. ਵੈਨ ਵਿਜਕ–ਬਾਸ, *ਅਜ਼ਰਾ, ਨਹਮਯਾਹ, ਐਂਡ ਅਸਤਰ,* ਵੈਸਟਮਿੰਸਟਰ ਬਾਈਬਲ ਕੰਪੈਨੀਅਨ (ਲੂਈਸਵਿੱਲ: ਵੈਸਟਮਿੰਸਟਰ ਜੌਨ ਨੌਕਸ ਪ੍ਰੈੱਸ, 1998), 95. [9]ਨਹਮਯਾਹ 13:4–31 ''ਨਹਮਯਾਹ ਦੀ ਆਮਤਕਥਾ'' ਦਾ ਆਖ਼ਰੀ ਭਾਗ ਹੈ। [10]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 16 (ਵਾਕੋ, ਟੈਕਸਸ: ਵਰਡ ਬੁਕਸ, 1985), 387, ਅਜ਼ਰਾ 5:13 ਅਤੇ ਸਾਇਰਸ ਸਿਲੰਡਰ। ਪੁਰਾਣੇ ਦਸਤਾਵੇਜ਼ਾਂ ਵਿਚ ਫ਼ਾਰਸੀ ਰਾਜੇ ਨੂੰ ''ਬਾਬਲ ਦਾ ਬਾਦਸ਼ਾਹ'' ਕਿਹਾ ਗਿਆ ਹੈ। *ਐਨਸਿਐਂਟ ਨੀਅਰ ਈਸਟਰਨ ਟੈਕਸਟਸ: ਰਿਲੇਟਿੰਗ ਟੂ ਦ ਓਲਡ ਟੈਸਟਾਮੈਂਟ,* ਜਿਲਦ 3ਜੀ, ਸੰਪਾ. ਜੇਮਸ ਬੀ. ਪ੍ਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 221, 316 ਵਿਚ ਵੇਖੋ ਥਿਉਫ਼ਾਇਲ ਜੇ. ਮੀਕ, ਟ੍ਰਾਂਸਲੇਸ਼ਨ, ''ਮੈਸੋਪੋਟਾਮਿਅਨ ਲੀਗਲ ਡਾਕੂਮੈਂਟਸ: ਨਿਓ–ਬੇਬੀਲੋਨਿਅਨ,'' ਅਤੇ ਏ. ਲਿਓ ਓਪਨਹੇਮ, ਅਨੁ. ''ਸਾਈਰਸ [ਸਿਲੰਡਰ]।''

[11]ਵੈਨ ਵਿਜਕ–ਬਾਸ, 94–96. [12]ਉੱਥੇ ਹੀ, 97. [13]ਇਹ ਅਧਿਆਇ ਸੰਕੇਤ ਦਿੰਦਾ ਹੈ ਕਿ ਨਹਮਯਾਹ ਦਾ ਇਖ਼ਤਿਆਰ ਸੀਮਤ ਸੀ। ਉਦਾਹਰਣ ਲਈ, ਉਸ ਨੇ ਟੋਬੀਯਾਹ ਨੂੰ ਸਜ਼ਾ ਨਹੀਂ ਦਿੱਤੀ, ਸ਼ਾਇਦ ਇਸ ਕਰਕੇ ਕਿ ਟੋਬੀਯਾਹ ਵੀ ਸੂਬੇ ਦਾ ਆਗੂ ਸੀ ਅਤੇ ਉਸ ਨੂੰ ਅਰਤਹਸ਼ਸ਼ਤਾ ਤੋਂ ਇਖ਼ਤਿਆਰ ਮਿਲਿਆ ਸੀ। ਨਾ ਹੀ ਨਹਮਯਾਹ ਨੇ ਅਲਯਾਸ਼ੀਬ ਨੂੰ ਯਾਜਕਾਈ ਵਿੱਚੋਂ ਕੱਢਿਆ। [14]ਉਦਾਹਰਣ ਲਈ, ਸੱਬਤ ਦੇ ਦਿਨ ਨੂੰ ''ਯਾਦ'' ਰੱਖਣ ਦਾ ਹੁਕਮ (ਕੂਚ 20:8) ਸੱਬਤ ਦੇ ਸਬੰਧ ਵਿਚ ਖ਼ਾਸ ਤਰੀਕੇ ਨਾਲ ਕੰਮ ਕਰਨ ਦਾ ਸੰਕੇਤ ਦਿੰਦਾ ਹੈ। [15]ਕਿਡਨਰ, 130. [16]ਇਹ ਪੱਕਾ ਪਤਾ ਨਹੀਂ ਹੈ ਕਿ ਇਸ ਕਾਲ ਦੌਰਾਨ ਅਸ਼ਦੋਦ ਦੇ ਸੂਬੇ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਸੀ। *ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 4, *1 ਰਾਜਿਆਂ–ਅੱਯੂਬ,* ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 765, 66 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ'' ਵਿਚ ਚਰਚਾ ਵੇਖੋ। [17]ਡੀ. ਜੇ. ਏ. ਕਲਾਈਨਜ਼, *ਅਜ਼ਰਾ ਨਹਮਯਾਹ, ਅਸਤਰ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1984), 247. [18]ਉਦਾਹਰਣ ਲਈ ਸ਼ੋਵਿੱਲ ਨੇ ਕਿਹਾ, ''ਇਹ ਸਮਝ ਨਿਰਵਿਵਾਦ ਹੈ ਕਿ ਕੁਝ ਕੁ ਹੀ ਅਜਿਹੇ ਲੋਕ ਸਨ''(ਸ਼ੋਵਿੱਲ, 263–64)। [19]ਜੋਸੇਫ਼ਸ ਨੇ ਨਹਮਯਾਹ ਦੇ ਸਮੇਂ ਦੀ ਇਸ ਘਟਨਾ ਦਾ ਕੁਝ ਹਿੱਸਾ (13:28) ਤਕਰੀਬਨ ਸੌ ਸਾਲ ਬਾਅਦ ਹੋਣ ਵਾਲੀ ਕਿਸੇ ਘਟਨਾ ਨਾਲ ਮਿਲਾ ਦਿੱਤਾ ਹੋਵੇਗਾ। ਇਕ ਹੋਰ ਸਨਬੱਲਟ ਨੇ ਇਕ ਪ੍ਰਧਾਨ ਯਾਜਕ ਯੱਦੂਆ ਦੇ ਭਰਾ ਯਹੂਦੀ ਯਾਜਕ ਲਈ ਸਾਮਰੀਆ ਵਿਚ ਇਕ ਮੰਦਰ ਬਣਵਾਇਆ, ਜਿਸ ਨੂੰ ਯਰੂਸ਼ਲਮ ਦੀ ਹੈਕਲ ਵਿੱਚੋਂ ਕੱਢ ਦਿੱਤਾ ਗਿਆ ਸੀ। 300 ਈ.ਪੂ. ਤੋਂ ਥੋੜ੍ਹਾ ਪਹਿਲਾਂ, ਗਿਰਾਜ਼ੀਮ ਪਹਾੜ ਉੱਤੇ ਬਣਿਆ ਇਹ ਸਾਮਰੀ ਮੰਦਰ, ਮੱਕਾਬੀਆਂ

ਦੇ ਸਮਿਆਂ ਤਕ ਰਿਹਾ। (ਜੋਸੇਫ਼ਸ *ਐਂਟਿਕੁਇਟੀਜ਼* 11.8.2, 4, 7.)। [20]ਐੱਚ. ਏ. ਆਰਿਨਸਾਈਡ ਨੇ ''ਬੇਹੁਰਮਤੀ ਦੇ ਵੱਖੋ ਵੱਖ ਪੜਾਵਾਂ ਨਹਮਯਾਹ ਵੱਲੋਂ ਚੌਕਸੀ ਨਾਲ ਪਤਾ ਲਾਉਣ ਅਤੇ ਨਜਿੱਠਣ ਦੀ ਤਾਰੀਖ਼'' ਦੇ ਨਾਲ ਨਾਲ ''ਬਹੁਤੇ ਲੋਕਾਂ ਵੱਲੋਂ ਲਿਖੇ ਹੋਏ ਵਚਨ ਨੂੰ ਮੰਨਣ ਤੋਂ ਫਿਰਨ ਦੇ ਬਣੇ ਰਹਿਣ ਵਾਲੇ ਰੁਝਾਨ ਦੀ ਗੱਲ ਲਿਖਦਿਆਂ ਨਹਮਯਾਹ 13 ਤੇ ਆਪਣੀਆਂ ਸ਼ੁਰੂਆਤੀ ਟਿੱਪਣੀਆਂ ਵਿਚ ਇਨ੍ਹਾਂ ਦੋਹਾਂ ਤੱਥਾਂ ਦੀ ਗੱਲ ਕੀਤੀ'' (ਐੱਚ. ਏ. ਆਇਰਨਸਾਈਡ, *ਨੋਟਸ ਆਨ ਦ ਬੁਕਸ ਆਫ਼ ਅਜ਼ਰਾ, ਨਹਮਯਾਹ ਐਂਡ ਅਸਤਰ* [ਨਿਊ ਯਾਰਕ: ਲੋਏਜ਼ਿਓਕਸ ਬ੍ਰਦਰਜ਼, 1951], 142)।